Estd: 2000

ਮਈ / May 2021
ਸਾਲ / Year - 06
ਅੰਕ / Edition - 02
ਸਫੇ / Page - 12

Anual Subcription 500/-

Regd Office:
1195, Ajit Nagar
Moga-142001 (Punjab)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਵਟਸਐਪ ਅਤੇ ਹੈਲਪਲਾਈਨ : (+91) 9988-92-9988

Regd No. PUNPUN 04016 * Help Line: 9988-92-9988 * E-mail: mehakwattandi@rediffmail.com * www.mehakwatandilive.com













Scanned with CamScanner

... Surinder Toor
TANGRI INSURANCE & Financial Group Inc.

A Lifetime commitment
.... to you

ਤੁਸੀ ਕੈਨੇਡਾ ਆਉਣ ਤੋਂ ਪਹਿਲਾ ਹੀ ਫੋਨ ਰਾਹੀਂ ਵੀ ਇੰਨਸੋਰੈਂਸ ਕਰਵਾ ਸਕਦੇ ਹੋ।

7370 Bramalea Rd. Unit #17
Mississauga Ontario L5S 1N6
Bus. 905-896-1576
E-mail: surindertoor129@gmail.com
Tel: (905) 405-1200
Fax:(905) 405 1299

TANGRI INSURANCE & Financial Group can serve your needs in the following areas:

* Retirement & Estate Planing * Seg. Funds * Group Plans * Life Insurance
* Health & Dental * Executive Compensation Plan * Mortagage Insurance * RRSP 'S
* Registred Education Saving Plan * Visitor Medical Insurance * Disability

ਪਾਰਸ ਅਰੋੜਾ
75288-65335
94642-20270

DarkBuck™
Quality PVC Panels
Designed in Canada

ਸੁਖਮੰਦਰ ਸਿੰਘ
85228-00001

ਮੈਸ. ਰਹਿਮਤ ਇਰਜ਼ਿਮ

ਇੱਥੇ ਕੰਧਾਂ ਦੀ ਸਲਾਬ ਰੋਕਨ ਵਾਸਤੇ ਕਈ ਰੰਗਾਂ ਅਤੇ ਡਿਜ਼ਾਇਨਾਂ ਵਿੱਚ ਪੀ.ਵੀ.ਸੀ. ਪੈਨਲ ਮਿਲਦੇ ਹਨ।
ਵਧੀਆ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।

ਅੰਮ੍ਰਿਤਸਰ ਰੋਡ, ਨੇੜੇ ਡਾ. ਖੰਨਾ ਹਸਪਤਾਲ, ਮੋਗਾ।

Scanned with CamScanner

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਹਮੇਸ਼ਾ ਚੜ੍ਹਦੀ ਕਲਾਂ ਵਿੱਚ ਰਹੋਂ! ਜਿੱਤ ਪੱਕੀ ਹੈ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸਾਨ ਅੰਦੋਲਨ ਸਿਖਰ ਤੇ ਹੈ। ਕਿਸਾਨ ਅੰਦੋਲਨ ਵਿੱਚ ਸਿਰਫ ਓਹੀ ਲੋਕ ਸ਼ਾਮਿਲ ਨਹੀਂ ਹਨ ਜੋ ਦਿੱਲੀ ਦੇ ਬਾਰਡਰਾਂ ਤੇ ਬੈਠੇ ਦਿਸ ਰਹੇ ਹਨ ਬਲਕਿ ਕਿਸਾਨ ਅੰਦੋਲਨ ਤਾਂ ਅੱਜ ਘਰ-ਘਰ ਵਿੱਚ ਚੱਲ੍ਹ ਰਿਹਾ ਹੈ। ਜਿਸ ਦੀਆਂ ਨਿਗਾਹਾ ਜਾਂ ਕੰਨ ਕਿਸਾਨ ਅੰਦੋਲਨ ਦੀ ਜਿੱਤ ਵੱਲ ਹਨ ਉਹ ਸਾਰੇ ਕਿਸਾਨ ਅੰਦੋਲਨ ਦੇ ਸਮਰਥਕ ਹਨ।

ਅੱਜ ਸ਼ਹਿਰ-ਸ਼ਹਿਰ ਵਿੱਚ ਨੌ-ਜਵਾਨ, ਬਜ਼ੁਰਗ ਅਤੇ ਸਾਡੀਆਂ ਭੈਣਾ, ਬੀਬੀਆਂ ਹੱਥਾਂ ਵਿੱਚ ਸਰਕਾਰ ਵਿਰੁੱਧ ਕਿਸਾਨ ਅੰਦੋਲਨ ਦੇ ਸਮਰਥਨ ਵਿੱਚ ਤਖਤੀਆਂ ਲੈ ਕੇ ਚੌਕਾਂ ਵਿੱਚ ਖੜੇ ਹਨ, ਉਨ੍ਹਾਂ ਨੂੰ ਇਸ ਲਈ ਕਿਤੋ ਕੋਈ ਤਨਖਾਹ ਨਹੀਂ ਮਿਲਦੀ ਸਗੋ ਉਹ ਆਪਣੇ ਕੰਮ ਧੰਦੇ ਛੱਡ ਕੇ ਇਨ੍ਹਾਂ ਧਰਨਿਆ ਵਿੱਚ ਆਉਂਦੇ ਹਨ। ਇਹ ਇੱਕ ਜਜਬਾ ਹੈ। ਸਾਡੇ ਭੈਣ, ਭਰਾਂ, ਵੀਰ ਦੋਸਤ ਮਿੱਤਰ ਜੋ ਦਿੱਲੀ ਦੇ ਬਾਰਡਰਾਂ ਤੇ ਬੈਠੇ ਹਨ ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਅਸੀਂ ਤੁਹਾਡੇ ਨਾਲ ਹਾਂ।

ਇਨ੍ਹਾਂ ਦਿਨਾ ਵਿੱਚ ਅਪ੍ਰੈਲ-ਮਈ ਦੇ ਮਹੀਨੇ ਜਦ ਕਿਸਾਨਾ ਦਾ ਕੰਮ ਪੂਰੇ ਜੋਰ ਤੇ ਹੁੰਦਾ ਹੈ ਇਸ ਵਕਤ ਜੇ ਦਿੱਲੀ ਦੇ ਬਾਰਡਰਾਂ ਤੇ ਲੋਕਾਂ ਦਾ ਇਨਾਂ ਇਕੱਠ ਹੈ ਤਾਂ ਸਮਾਂ ਆਉਣ ਤੇ, ਜਰੂਰਤ ਪੈਣ ਤੇ, ਜਦ ਕਿਸਾਨੀ ਆਗੂਆ ਦਾ ਬੁਲਾਵਾ ਆ ਗਿਆ ਤਾਂ ਦਿੱਲੀ ਦੇ ਬਾਰਡਰਾ ਤੇ ਤਿਲ ਸੁੱਟਨ ਨੂੰ ਥਾਂ ਨਹੀਂ ਮਿਲਣੀ। ਜਿਹੜੇ ਲੋਕ ਕਹਿੰਦੇ ਹਨ ਕਿ ਹੁਣ ਕਿਸਾਨ ਅੰਦੋਲਨ ਵਿੱਚ ਪਹਿਲਾ ਵਾਲੀ ਗੱਲ ਨਹੀਂ ਰਹੀਂ ਉਹ ਆਪਣੇ ਮਨ ਵਿੱਚੋਂ ਇਹ ਭੁਲੇਖਾ ਕੱਢ ਦੇਣ।

ਦੇਖੋ! ਅੱਜ ਦੀ ਨੌ-ਜਵਾਨੀ। ਅੱਜ ਕਾਰਾ, ਗੱਡੀਆਂ ਵਿੱਚ ਹਥਿਆਰਾ ਜਾਂ ਆਰਕੈਸਟਰਾ ਵਾਲੀਆਂ ਨਾਲ ਨੱਚਨ ਟੱਪਣ ਵਾਲੇ ਗੀਤ ਨਹੀਂ ਚੱਲਦੇ ਸਗੋਂ ਕਿਸਾਨੀ ਸੰਘਰਸ਼ ਦੇ ਗੀਤ ਚੱਲਦੇ ਹਨ। ਕਦੇ ਕਿਸੇ ਨੇ ਸੋਚਿਆ ਸੀ ਵਿਆਹ ਵਾਲੀ ਕਾਰ ਦੇ ਮੂਹਰੇ ਕਿਸਾਨ ਅੰਦੋਲਨ ਦਾ ਝੰਡਾ ਲੱਗਿਆ ਹੋਵੇਗਾ ਜਾਂ ਕੋਈ ਵਿਆਹ ਦਾ ਫੇਰਾ ਪਾਉਣ ਕਿਸਾਨੀ ਧਰਨੇ ਤੇ ਆਵੇਗਾ? ਸਾਡੇ ਨੌ-ਜਵਾਨਾ ਦੀ ਸੋਚ ਏਨੀ ਛੇਤੀ ਚੰਗੇ ਪਾਸੇ ਮੁੜ ਆਵੇਗੀ? ਇਹ ਸਭ ਕਿਸਾਨ ਅੰਦੋਲਨ ਦੀ ਹੀ ਦੇਣ ਹੈ। ਅਸੀਂ ਇਸ ਕਿਸਾਨ ਅੰਦੋਲਨ ਵਿਚੋਂ ਬਹੁੱਤ ਕੁਝ ਖੱਟ ਲਿਆ ਅਤੇ ਖੱਟ ਰਹੇ ਹਨ। ਸਰਕਾਰਾ ਦੀਆਂ ਕਿਸਾਨ ਅੰਦੋਲਨ ਵਿਰੁੱਧ ਲੱਖਾਂ ਕੋਸਿਸਾ ਦੇ ਬਾਵਜੂਦ ਵੀ ਕਿਸਾਨ ਅੰਦੋਲਨ ਪੂਰੀ ਚੜਦੀ ਕਲਾਂ ਵਿੱਚ ਹੈ।

ਕਿਸਾਨ ਅੰਦੋਲਨ ਦਾ ਇੱਕ ਜਾਬਾਜ ਸਿਪਾਹੀ ਦੀਪ ਸਿੱਧੂ ਕਈ ਮਹੀਨੇ ਸਾਲਾਖਾ ਪਿਛੇ ਰਹਿ ਕੇ ਜੇਲ੍ਹ 'ਚੋ ਬਾਹਰ ਆ ਗਿਆ। ਕਾਲ ਕੋਠਰੀ ਵਿੱਚ ਵੀ ਉਸ ਦੇ ਹੋਸਲੇ ਪਸਤ ਨਹੀਂ ਹੋਏ ਸਗੋਂ ਉਸ ਦੇ ਬਾਹਰ ਆਉਣ ਨਾਲ ਜਿਸ ਨਾਲ ਨੌ-ਜਵਾਨਾ ਦੇ ਹੋਸਲੇ ਬੁਲੰਦ ਹੋ ਗਏ। ਇਥੇਂ ਇਹ ਵੀ ਜਿਕਰਯੋਗ ਗੱਲ ਹੈ ਕਿ ਦੀਪ ਸਿੱਧੂ ਖਿਲਾਫ ਕੁਝ ਲੋਕਾਂ ਵੱਲੋਂ ਬਹੁੱਤ ਕੂੜ ਪ੍ਰਚਾਰ ਕੀਤਾ ਗਿਆ। ਕਿਸੇ ਨੇ ਦੀਪ ਸਿੱਧੂ ਨੂੰ ਭਾਜਪਾ ਦਾ ਏਜੰਟ ਕਿਹਾ, ਕਿਸੇ ਨੇ ਗਦਾਰ ਕਿਹਾ ਤੇ ਕਿਸੇ ਨੇ ਉਸ ਨੂੰ ਨੌਟੰਕੀਬਾਜ ਕਿਹਾ, ਕੋਈ ਕਹਿੰਦਾ ਉਹ ਨੌ-ਜਵਾਨਾ ਨੂੰ ਗੁੰਮਰਾਹ ਕਰ ਰਿਹਾ ਹੈ। ਪਰ ਸੋਚਣ ਵਾਲੀ ਗੱਲ ਹੈ ਕਿ ਬੀ.ਜੇ.ਪੀ. ਦਾ ਬੰਦਾ ਤਿੰਨ-ਤਿੰਨ ਮਹੀਨੇ ਕਾਲ ਕੋਠੜੀ ਵਿੱਚ ਰਹਿ ਕੇ ਆਉਗਾ? ਜੇ ਉਹ ਭਾਜਪਾ ਦਾ ਬੰਦਾ ਹੁੰਦਾ ਤਾਂ ਪੁਲਿਸ ਵੱਲੋਂ ਉਸ ਨੂੰ ਤਿੰਨ-ਤਿੰਨ ਦਿਨ ਭੁੱਖਾ ਨਹੀਂ ਰੱਖਿਆਂ ਜਾਣਾ ਸੀ? ਕਈ-ਕਈ ਦਿਨ ਉਸ ਨੂੰ ਸੋਣ ਨਹੀਂ ਦਿੱਤਾ ਗਿਆ! ਅਜਿਹੇ ਤਸੀਹੇ ਸਰਕਾਰ ਦੇ ਬੰਦੇ ਨੂੰ ਨਹੀਂ ਦਿੱਤੇ ਜਾਦੇ। ਦੀਪ ਸਿੱਧੂ ਸੈਲੀਬਰੇਟੀ ਪਰਸਨ ਹੈ ਉਹ ਫਿਲਮ ਇੰਡਸਟਰੀ ਨਾਲ ਸਬੰਧ ਰੱਖਦਾ ਹੈ। ਪੈਸ਼ੇ ਤੋਂ ਵਕੀਲ ਹੈ ਉਸ ਨੂੰ ਕੀ ਲੋੜ ਸੀ ਇਨ੍ਹਾਂ ਸੰਘਰਸ਼ਾ ਵਿੱਚ ਕੁੱਦਨ ਦੀ ? ਬੱਸ ਉਸ ਦੇ ਮਨ ਵਿੱਚ ਜਜਬਾ ਹੈ ਆਪਣੇ ਵਤਨ ਨੂੰ ਖੁਸਹਾਲ ਵੇਖਣ ਦਾ। ਕਈਆ ਦਾ ਕਹਿਣਾ ਹੈ ਕਿ ਦੀਪ ਸਿੱਧੂ ਖਾਲ-ਸਤਾਨੀ ਸੋਚ ਵਾਲਾ ਹੈ, ਉਹ ਭਿੰਡਰਾ ਵਾਲੇ ਸੰਤਾ ਦਾ ਉਪਾਸਕ ਹੈ। ਪਿਆਰਿਓ! ਦੀਪ ਸਿੱਧੂ ਜੇਕਰ ਖਾਲਸਤਾਨੀ ਸੋਚ ਵਾਲਾ ਹੈ ਵੀ ਤਾਂ ਕਿਹੜੀ ਗੱਲ ਹੈ ਹਰ ਇੱਕ ਇਨਸਾਨ ਦੀ ਆਪਣੀ-ਆਪਣੀ ਸੋਚ ਹੁੰਦੀ ਹੈ। ਅੱਜ ਲੱਖਾ ਨੌ-ਜਵਾਨਾ ਦੇ ਮਨ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾ ਵਾਲੇ ਵਸਦੇ ਹਨ, ਉਨ੍ਹਾਂ ਦੇ ਉਪਾਸਕ ਹੋਣ ਵਿੱਚ ਕੀ ਹਰਜ ਹੈ। ਪਰ ਸਾਨੂੰ ਇਹ ਜਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਕਿਸਾਨੀ ਸੰਘਰਸ਼ ਵਿੱਚ ਨੌ-ਜਵਾਨਾ ਨੂੰ ਨਾਲ ਤੋਰਨ ਵਿੱਚ ਦੀਪ ਸਿੱਧੂ ਦਾ ਬਹੁੱਤ ਵੱਡਾ ਰੋਲ ਹੈ।

ਕਿਸਾਨੀ ਸੰਘਰਸ਼ ਵਿੱਚ ਸਰਕਾਰ ਦਾ ਲਾਡਲਾ ਪੁੱਤ ਕੋਰੋਨਾ ਸਰਕਾਰ ਪ੍ਰਤੀ ਆਪਣੇ ਪੂਰੇ ਫਰਜ ਨਿਭਾ ਰਿਹਾ ਹੈ। ਇਥੇ ਇਹ ਜਿਕਰ ਯੋਗ ਗੱਲ ਹੈ ਕਿ ਸਾਡੇ ਕਿਸਾਨ ਅੰਦੋਲਨ ਵਿੱਚ 200 ਤੋਂ ਵੱਧ ਕਿਸਾਨ ਵੀਰ ਸ਼ਹੀਦ ਹੋ ਗਏ ਹਨ ਪਰ ਉਨ੍ਹਾਂ ਵਿਚੋਂ ਕੋਈ ਵੀ ਕਰੋਨਾ ਨਾਲ ਨਹੀਂ ਮਰਿਆ। ਇਹ ਗੱਲ ਗਵਾਹ ਹੈ ਗੁਰੂ ਮਹਾਰਾਜ ਸਾਡੇ ਅੰਗ-ਸੰਗ ਸਹਾਈ ਹਨ। ਕੋਰੋਨਾ ਬੀਮਾਰੀ ਹੋ ਸਕਦੀ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਪਰ ਇਥੇਂ ਇਹ ਗੱਲ ਸੋਚਣ ਵਾਲੀ ਹੈ ਕਿ ਜਿਹੜੇ ਵਿਚਾਰੇ ਲੋਕ ਹਸਪਤਾਲਾ ਵਿੱਚ ਜਾ ਰਹੇ ਹਨ ਉਨ੍ਹਾਂ ਵਿਚੋਂ ਕੋਈ ਹੀ ਮੁੜ ਕੇ ਆਉਦਾ ਹੈ ਜਦ ਕਿ ਘਰਾਂ ਵਿੱਚ ਕੋਰਟਾਈਨ ਹੋਏ ਕੋਰੋਨਾ ਦੇ ਮਰੀਜ ਠੀਕ ਹੋ ਜਾਦੇ ਹਨ? ਇਸ ਦਾ ਸਿੱਟਾ ਕੀ ਨਿਕਲਦਾ ਹੈ? ਜਾਂ ਤਾਂ ਵੱਡੇ ਹਸਪਤਾਲਾ ਵਿੱਚ ਮਰੀਜ ਦੀ ਸਹੀ ਦੇਖ-ਭਾਲ ਨਹੀਂ ਹੋ ਰਹੀਂ ਜਾਂ ਫਿਰ ਕੋਰੋਨਾ ਸਿਆਸੀ ਡਰਾਮਾ ਹੈ। ਆਪਣੀ ਸੱਤਾ ਲਈ ਜਾਂ ਕਿਸੇ ਵੱਡੇ ਮਕਸਦ ਨੂੰ ਇਨਜਾਮ ਦੇਣ ਲਈ ਵੱਡੇ ਪੱਧਰ ਤੇ ਇਹ ਡਰਾਮਾ ਖੇਡਿਆਂ ਜਾਂ ਰਿਹਾ ਹੈ।

ਕਿਤੇ ਇਹ ਤਾਂ ਨਹੀਂ ਕਿ ਸਰਕਾਰ ਆਮ ਲੋਕਾਂ ਨੂੰ ਕੁੱਟ-ਮਾਰ ਕਰਕੇ, ਘਰਾਂ ਵਿੱਚ ਬੰਦ ਕਰਕੇ ਆਪਣੇ ਮਨਸੂਬੇ ਪੂਰੇ ਕਰਨਾ ਚਾਹੁੰਦੀ ਹੈ? ਜੇਕਰ ਵਾਕਿਆਂ ਹੀ ਸਰਕਾਰ ਨੂੰ ਆਪਣੇ ਦੇਸ਼ ਵਾਸੀਆਂ ਦੀ ਫਿਕਰ ਹੈ, ਜੇਕਰ ਵਾਕਿਆਂ ਹੀ ਸਰਕਾਰ ਆਪਣੇ ਦੇਸ਼ ਵਾਸੀਆਂ ਨੂੰ ਕੋਰੋਨਾ ਕਾਰਨ ਘਰਾਂ ਅੰਦਰ ਵਾੜ ਰਹੀ ਹੈ ਤਾਂ ਸਰਕਾਰ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਰਕਾਰ ਦਾ ਫਰਜ ਸਿਰਫ ਆਪਣੇ ਦੇਸ਼ ਵਾਸੀਆਂ ਨੂੰ ਕੋਰੋਨਾ ਕਾਰਨ ਘਰਾਂ ਅੰਦਰ ਵਾੜਣਾ ਹੀ ਨਹੀਂ ਹੈ ਸਗੋਂ ਘਰਾਂ ਅੰਦਰ ਬੈਠੇ ਦੇਸ਼ ਵਾਸੀਆਂ ਦੇ ਰੋਟੀ-ਪਾਣੀ ਅਤੇ ਰੋਜਮਰਾ ਦੀਆਂ ਚੀਜਾਂ ਦਾ ਪ੍ਰਬੰਧ ਕਰਨਾ ਵੀ ਸਰਕਾਰ ਦਾ ਹੀ ਫਰਜ ਹੈ।

ਦਿੱਲੀ ਦੇ ਬਾਰਡਰ ਤੇ ਕਿਸਾਨ ਅੰਦੋਲਨ ਵਿੱਚ ਬੈਠੇ ਵੀਰਾ, ਭੈਣਾ ਲਈ ਇਹ ਹੀ ਕਹਾਂਗਾ ਕਿ ਸਿਆਸੀ ਲੂੰਬੜ ਚਾਲਾ ਤਾਂ ਹਾਰ ਸਕਦੀਆਂ ਹਨ ਪਰ ਸਾਡੇ ਪਿੰਡਾ ਵਾਲੇ ਭੋਲੇ-ਭਾਲੇ ਲੋਕਾਂ ਦਾ ਇਕੱਠ ਕਦੇ ਨਹੀਂ ਹਾਰ ਸਕਦਾ। ਇਸ ਲਈ ਹਮੇਸ਼ਾ ਚੜ੍ਹਦੀ ਕਲਾਂ ਵਿੱਚ ਰਹੋਂ! ਜਿੱਤ ਪੱਕੀ ਹੈ।

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

Titel Regd. No. PUNPUN 04016 | Year 06 | Edition 02 | Issue Date: 10-May-2021

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




# ਨਜ਼ਰੀਆ ਆਪੋ ਆਪਣਾ ...!



## ਬਿਮਾਰੀ ਧਰਮ, ਜਾਤ-ਪਾਤ ਵੇਖ ਕੇ ਨਹੀਂ ਆਉਂਦੀ ਨਾ ਇਹ ਵੇਖਦੀ ਹੈ ਕਿਹੜੀ ਸਿਆਸੀ ਪਾਰਟੀ ਨਾਲ ਜੁੜਿਆ ਹੋਇਆਂ ਹੈ

- ਕੁਲਵਿੰਦਰ ਤਾਰੇਵਾਲਾ (ਮੋਗਾ)



ਬਿਮਾਰੀ ਧਰਮ, ਜਾਤ-ਪਾਤ ਵੇਖ ਕੇ ਨਹੀਂ ਆਉਂਦੀ ਨਾ ਇਹ ਵੇਖਦੀ ਹੈ ਕਿਹੜੀ ਸਿਆਸੀ ਪਾਰਟੀ ਨਾਲ ਜੁੜਿਆ ਹੋਇਆਂ ਨਾ ਵੇਖਦੀ ਹੈ ਇਸ ਨੇ ਮੰਦਰ ਬਣਾਉਣ ਲਈ ਚੰਦਾ ਦਿੱਤਾ ਜਾਂ ਗੁਰਦਵਾਰੇ/ ਮਸੀਤ ਤਾਮੀਰ ਕਰਵਾਉਣ ਲਈ ਦਾਨ ਦਿੱਤਾ। ਬਿਮਾਰੀ ਗਰੀਬ/ ਅਮੀਰ ਦਾ ਲਿਹਾਜ਼ ਨਹੀਂ ਕਰਦੀ। ਹਾਂ! ਇੰਨਾ ਕੁ ਹੈ ਅਮੀਰ ਕੁਝ ਕੁ ਦਿਨ ਚੰਗੇ ਹਸਪਤਾਲਾਂ 'ਚ ਦਾਖਲ ਹੋ ਕੇ ਬਿਮਾਰੀ ਨਾਲ ਲੜਦਾ ਹੈ ਪਰ ਗਰੀਬ ਸੜਕਾਂ ਤੇ ਅੱਡੀਆਂ ਰਗੜ ਰਗੜ ਕੇ ਰੱਬ ਨੂੰ ਪਿਆਰਾਂ ਹੋ ਜਾਂਦਾ ਹੈ।

ਸਾਡੇ ਧਰਮ ਸਾਨੂੰ ਅਗਲਾ ਜੀਵਨ ਸਵਾਰਣ ਲਈ ਕਹਿੰਦੇ ਹਨ ਧਰਮ ਦੇ ਨਾਮ ਤੇ ਅਸੀਂ ਮਨੁੱਖ ਤੋਂ ਹੈਵਾਨ ਬਣ ਜਾਂਦੇ ਹਾਂ ਪਲਾ ਚ ਆਪਣੇ ਹਮਸਾਇਆ ਦਾ ਗਲਾ ਲਾਹ ਦਿੰਦੇ ਹਾਂ ਇਹ ਧਾਰਮਿਕ ਚਲਾਕ ਕੁਝ ਸਾਧ ਲਾਣਾ ਤੇ ਸਿਆਸੀ ਲੀਡਰਾ ਦੀਆ ਜੁਗਤਾ ਹਨ।

ਧਰਮ ਦੇ ਨਾਂ ਤੇ ਪਈ ਵੋਟ ਤੁਹਾਡੀ ਜ਼ਿੰਦਗੀ ਲਈ ਹਾਨੀਕਾਰਕ ਹੈ ।ਧਰਮ ਦੇ ਨਾਮ ਤੇ ਚੁਣੀ ਸਰਕਾਰ ਤਹਾਨੂੰ ਧਾਰਮਿਕ ਅਦਾਰੇ ਤਾਂ ਦੇ ਸਕਦੀ ਹੈ ਪਰ ਚੰਗੇ ਹਸਪਤਾਲ/ ਸਕੂਲ ਨਹੀ ਦੇ ਸਕਦੀ। ਕਾਸ! ਜੇ ਇਹ ਅਸੀਂ ਵੋਟ ਪਾਉਣ ਵੇਲੇ ਸੋਚ ਲੈਂਦੇ ਤਾਂ ਅੱਜ ਆਹ ਦਿਨ ਨਾ ਵੇਖਣੇ ਪੈਂਦੇ।

ਮੰਨਿਆਂ ਕਿ ਕਰੋਨਾ ਮਹਾਮਾਰੀ ਸਾਰੇ ਵਿਸ਼ਵ ਚ ਫੈਲੀ ਗਈ ਹੈ ਪਰ ਜੇ ਸ਼ਾਸਕ ਧਾਰਮਿਕ ਮੁੱਦੇ ਤੇ ਚੋਣ ਜਲਸਿਆਂ ਦੀ ਥਾਂ ਇਸ ਮਹਾਮਾਰੀ ਦੇ ਭਿਆਨਕ ਸਿੱਟਿਆਂ ਬਾਰੇ ਸੋਚਦਾ ਤਾਂ ਅੱਜ ਭਾਰਤ ਵਾਸੀਆ ਨੂੰ ਸੜਕਾਂ ਤੇ ਆਕਸੀਜਨ ਦੀ ਘਾਟ ਕਾਰਣ, ਮਰੀਆਂ ਲੋਥਾਂ ਨੂੰ ਸਾਈਕਲਾਂ ਤੇ ਨਾ ਘਰ ਲਿਆਉਣਾ ਪੈਦਾ ਤੇ ਨਾਹੀ ਸੜਕਾਂ ਦੇ ਫ਼ੁੱਟ-ਪਾਥ ਤੇ ਤੜਫਣਾ ਪੈਦਾ, ਨਾਹੀ ਸਮੂਹਿਕ ਸਸਕਾਰ ਕਰਨੇ ਪੈਂਦੇ।

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

Scanned with CamScanner



## ਧਰਮ ਤੇ ਵਿਰਸਾ

# ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਰਣਜੀਤ ਸਿੰਘ ਐਮ.ਏ. ਫਰੀਦਕੋਟ



ਗੁਰ-ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਝੇ ਦੇ ਇਤਿਹਾਸਿਕ ਨਗਰ 'ਬਾਬਾ ਬਕਾਲਾ' ਵਿੱਚ 22 ਭੇਖੀ ਗੁਰੂ ਆਪੋ ਆਪਣੀ ਪੂਜਾ ਕਰਵਾਉਣਾ ਅਤੇ ਦਸਵੰਧ ਛੱਕਣ ਲਈ ਮੰਜੀਆਂ ਡਾਹ ਕੇ ਬੈਠ ਗਏ ਸਨ। ਉਸ ਸਮੇਂ, ਗੁਰੂ ਘਰ ਦੇ ਇੱਕ ਅਨਿੰਨ ਸ਼ਰਧਾਲੂ ਗੁਰਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਜੀ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਕਾਂਤ ਵਿੱਚੋਂ ਟੋਲਿਆ, ਪਰਖਿਆ ਅਤੇ ਹੂਕ ਭਰਿਆ ਹੋਕਾ ਦਿੱਤਾ : "ਗੁਰ ਲਾਧੋ ਰੇ ! ਗੁਰੂ ਲਾਧੇ ਰੇ !! ਗੁਰੂ ਲਾਧੇ ਰੇ !!!" ਗੁਰਸਿੱਖ ਦੇ ਮਨ ਵਿੱਚੋਂ ਨਿਕਲੀ ਹੂਕਨੁਮਾ ਹਾਕ ਨੇ ਸਾਰੀ ਸੰਗਤ ਨੂੰ ਖਿੱਚ ਲਿਆ ਅਤੇ ਭੇਖੀ ਗੁਰੂ ਬੋਰੀਆਂ-ਬਿਸਤਰਾ ਲਪੇਟ ਕੇ ਆਪੋ ਆਪਣੇ ਡੇਰੇਨੁਮਾ ਦਾਇਰਿਆਂ ਦੀਆਂ ਚਾਰ-ਦਵਾਰੀਆਂ ਵਿਚ ਜਾ ਵੜੇ।

ਸਿੱਖ ਜਗਤ ਦੀ ਹਾਲਤ ਅੱਜ ਵੀ ਕੁਝ ਉਹੋ-ਜਿਹੀ ਹੈ। ਪ੍ਰਤੱਖ ਗੁਰੂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰਾ-ਹਜ਼ੂਰ ਅਤੇ ਜ਼ਾਹਰਾ-ਜ਼ਹੂਰ ਹੁੰਦਿਆਂ, ਕਈ ਭੇਖੀ ਤਰ੍ਹਾਂ-ਤਰ੍ਹਾਂ ਦੇ ਅੰਡਬਰ ਰੱਚ ਕੇ, ਗੋਲਮੋਲ ਘੋਟਵੀਆਂ ਦਸਤਾਰਾਂ ਸਜਾ ਕੇ, ਲੰਮੇ-ਲੰਮੇ ਚੋਲੇ ਪਾ ਕੇ, ਭੀੜੀਆਂ ਪਜਾਮੀਆਂ ਦੀ ਨੁਮਾਇਸ਼ ਕਰਕੇ, ਮਣਕੇ ਤੇ ਮਣਕਾ ਠਾਹ ਮਣਕਾ ਦਾ ਮਾਲਾ-ਜਾਪ ਦਿਖਾ ਕੇ, ਹੱਥਾਂ ਤੇ ਸਰਹੋਂ ਜਮਾਉਣ ਵਾਂਗ ਮਦਾਰੀਆਂ ਵਾਲਾ ਪਾਖੰਡ ਪ੍ਰਗਟਾ ਕੇ, ਵੱਡੀਆਂ ਵੱਡੀਆਂ ਡੇਰੇਨੁਮਾ ਆਧੁਨਿਕ ਕਾਲੋਨੀਆਂ ਉਸਾਰ ਕੇ, ਗੁਰਬਾਣੀ ਦੇ ਅਰਥਾਂ ਨਾਲ ਅਨੱਰਥ ਕਰ ਕੇ, **'ਕੰਨਾ-ਮੰਨਾ ਕੁਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ'** ਆਖ ਕੇ ਆਪਣੇ ਗੁਰੂ ਹੋਣ ਦਾ ਝਾਉਲਾ ਦਿੰਦੇ ਹੋਏ, ਆਪਣੇ ਹਲਵੇ-ਮਾਂਡੇ ਦਾ ਪ੍ਰਬੰਧ ਕਰੀ ਬੈਠੇ ਹਨ। ਅੱਜ ਵੀ ਭਾਈ ਮੱਖਣ ਸ਼ਾਹ ਵਾਂਗ ਹਜ਼ਾਰਾਂ ਗੁਰਸਿੱਖ : **'ਗੁਰੂ ਸ਼ਬਦ ਹੈ', 'ਗੁਰੂ ਪ੍ਰਤੱਖ ਹੈ', ਗੁਰੂ ਗ੍ਰੰਥ ਹੈ', 'ਗੁਰਬਾਣੀ ਹੀ ਗੁਰੂ ਹੈ' 'ਪੋਥੀ ਪਰਮੇਸਰ ਕਾ ਥਾਨ ਹੈ'** ਦਾ ਹੋਕਾ ਦੇ ਰਹੇ ਹਨ, ਪਰ ਅਫਸੋਸ-ਦਰ-ਅਫਸੋਸ ਇਹ ਕਿ ਉਨ੍ਹਾਂ ਦੀ ਕਹੀ ਨੂੰ ਸੁਣ ਕੇ ਮੰਨ ਕੋਈ ਨਹੀਂ ਰਿਹਾ। ਫਲਸਰੂਪ ਦੇਹਧਾਰੀ ਗੁਰੂ-ਪਰਪੰਚ ਬਾਦਸਤੂਰ ਕਾਇਮ ਹੈ। ਇਹ ਡੰਮੀ ਗੁਰੂ, ਰੱਤ ਪੀਣੀਆਂ ਜੋਕਾਂ ਵਾਂਗ ਕੌਮ ਦੇ ਪਿੰਡੇ ਤੇ ਚਿੰਬੜੇ ਹੋਏ ਹਨ। ਸਾਡੀ ਅਗਿਆਨਤਾ ਅਤੇ ਅੰਨ੍ਹੀ ਸ਼ਰਧਾ ਕਾਰਣ ਦੰਭੀ ਗੁਰੂ ਖੁਸ਼ ਹਨ, ਮਾਲਾਮਾਲ ਹੋ ਰਹੇ ਹਨ, ਘਿਉ ਦੇ ਦੀਵੇ ਜਗਾ ਰਹੇ ਹਨ ਅਤੇ ਅਸੀਂ ਆਪਣੀ ਹੀ ਬਰਬਾਦੀ ਦੇ ਭਾਂਬੜ ਵਿੱਚ ਤੇਲ ਪਾ ਕੇ ਫੂਕਾਂ ਮਾਰ ਰਹੇ ਹਾਂ। ਸਾਡੀ ਤਬਾਹੀ ਉੱਤੇ ਡੰਮੀ ਗੁਰੂ ਅਤੇ ਉਨ੍ਹਾਂ ਦੇ ਪਾਲਤੂ ਬਟੇਰੇ ਹੱਸ ਰਹੇ ਹਨ। ਨਿੱਤ ਨਵੇਂ ਦਿਨ ਕੋਈ ਨਵਾਂ ਪਾਖੰਡੀ 'ਡੰਮੀ ਗੁਰੂ' ਬਣ ਕੇ ਉੱਠ ਖਲੋਂਦਾ ਹੈ ਅਤੇ ਖਾਲਸਾ ਪੰਥ ਨੂੰ ਵੰਗਾਰਨ ਲਗਦਾ ਹੈ। ਇਨ੍ਹਾਂ ਤਰਸੋਯਗ ਪ੍ਰਸਥਿਤੀਆਂ ਵਿੱਚ ਜਦੋਂ **'ਆਧੇਰੈ ਰਾਹ ਨ ਕੋਈ'** ਦਿੱਸ ਰਿਹਾ ਹੋਵੇ ਤਾਂ **'ਅਗਾਂਹ ਕੂ ਤ੍ਰਾਂਘਣ'** ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਪ੍ਰਗਟੇ ਰੱਬੀ ਬੋਲਾਂ ਤੋਂ ਅਗਵਾਈ ਪ੍ਰਾਪਤ ਕਰਨੀ ਨਿਹਾਇਤ ਜ਼ਰੂਰੀ ਜਾਪਦੀ ਹੈ।

ਬਿਨਾਂ ਕਿਸੇ ਸ਼ਕੇ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਇਹ ਹੀ ਹੈ ਕਿ ਪ੍ਰਭੂ-ਪਰਮਾਤਮਾ ਦੇ ਲੜ ਸਿਰਫ ਸੱਚਾ ਸਤਿਗੁਰੂ ਹੀ ਜੋੜ ਸਕਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪੂਰੇ ਗੁਰੂ ਦੀ ਰਹਿਨੁਮਾਈ ਤੋਂ ਬਗੈਰ ਕੋਈ ਇਨਸਾਨ ਆਤਮਿਕ ਮਾਰਗ ਦਾ ਪੰਧਾਉ ਵੀ ਨਹੀਂ ਬਣ ਸਕਦਾ। ਆਤਮਿਕ ਜੀਵਨ ਦੀਆਂ ਮੰਜ਼ਿਲਾਂ ਛੂਹਣਾ ਤਾਂ ਨਾਮੁਮਕਿਨ ਬਾਤ ਹੈ। ਗੁਰੂ ਬਾਬੇ ਦੇ ਫੁਰਮਾਨ ਹਨ :

**"ਬਿਨੁ ਸਤਿਗੁਰ ਕਿਨੈ ਨ ਪਾਇਓ,**
**ਬਿਨੁ ਸਤਿਗੁਰ ਕਿਨੈ ਨ ਪਾਇਆ॥**
**ਸਤਿਗੁਰ ਵਿਚਿ ਆਪੁ ਰਖਿਓਨੁ,**
**ਕਰਿ ਪਰਗਟੁ ਆਖਿ ਸੁਣਾਇਆ॥'**

....... ........... ........

**'ਗੁਰੂ ਦੇਵਾ ਗੁਰੁ ਅਲਖ ਅਭੇਵਾ॥**
**ਤ੍ਰਿਭਵਣ ਸੋਝੀ ਗੁਰ ਕੀ ਸੇਵਾ॥'**

ਗੁਰੂ ਸਾਹਿਬ ਦਾ ਫੈਸਲਾ ਅਟੱਲ ਹੈ। ਗੁਰੂ ਜੀ ਦੀ ਮੋਹਰ ਅਮਿੱਟ ਹੈ। ਸਿਧ ਗੋਸ਼ਟਿ ਵਿੱਚ ਗੁਰਦੇਵ ਜੀ ਦਾ ਫੁਰਮਾਨ ਹੈ : **"ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨਾ ਪਵਈ ਥਾਇ॥ ਬਿਨੁ ਗੁਰ ਮਨੂਆ ਅਤਿ ਡੁਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥ ਬਿਨੁ ਗੁਰ ਬਿਸੀਅਰ ਡਸੈ ਮਰਿ ਵਾਟ॥ ਨਾਨਕ ਗੁਰ ਬਿਨ ਘਾਟੇ ਘਾਟ॥"**

ਗੁਰੂ ਦੀ ਲੋੜ ਨੂੰ ਨਿਹਾਇਤ ਜ਼ਰੂਰੀ ਦਰਸਾ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਭੀ ਸਪੱਸ਼ਟ ਕਰ ਦਿੱਤਾ ਕਿ 'ਗੁਰੂ' ਕਹਿਣ-ਕਹਾਉਣ ਦਾ ਅਧਿਕਾਰ ਸਿਰਫ 'ਸ਼ਬਦ' ਨੂੰ ਹੀ ਹੈ। ਪੰਜ ਭੂਤਕ ਮਨੁੱਖੀ ਸਰੀਰ ਨੂੰ ਗੁਰੂ ਕਹਿਣਾ 'ਗੁਰੂ ਲਫਜ਼ ਦੀ ਨਿਰਾਦਰੀ ਕਰਨਾ ਹੈ। 'ਸ਼ਬਦ ਦਾ ਓਟ-ਆਸਰਾ ਲੈਣ ਦਾ ਸਾਨੂੰ ਹੁਕਮ ਹੈ। ਗੁਰੂ ਬਾਬੇ ਦਾ ਫੁਰਮਾਨ ਹੈ :

**"ਸ਼ਬਦੇ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥**
**ਬਿਨੁ ਸ਼ਬਦੇ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ॥"**

ਗੁਰ-ਇਤਿਹਾਸ ਦੇ ਹਵਾਲਿਆਂ ਮੁਤਾਬਿਕ ਫਰਵਰੀ 1538 ਈ: ਦੀ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧਾਂ-ਨਾਥਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਲੰਮੀ ਗਿਆਨ-ਚਰਚਾ ਹੋਈ। ਸਿੱਧਾਂ-ਨਾਥਾਂ ਨੇ ਗੁਰੂ ਨਾਨਕ ਸਾਹਿਬ ਤੋਂ ਅਨੇਕਾਂ ਸਵਾਲ ਪੁਛੇ ਅਤੇ ਗੁਰੂ ਸਾਹਿਬ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਉਨ੍ਹਾਂ ਦੇ ਹਰ ਸਵਾਲ ਦਾ ਢੁਕਵਾਂ ਜਵਾਬ ਦਿੱਤਾ। ਇਨ੍ਹਾਂ ਸਵਾਲਾਂ-ਜਵਾਬਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਉਚਾਰਿਆ ਅਤੇ ਬਾਣੀ ਨੂੰ ਨਾਮ ਦਿੱਤਾ, "ਸਿੱਧ ਗੋਸ਼ਟਿ"। ਇਸੇ ਬਾਣੀ ਵਿੱਚ ਸਿੱਧਾਂ ਦਾ ਇੱਕ ਪ੍ਰਸ਼ਨ ਹੈ :

**"ਕਵਣ ਮੂਲੁ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ॥"**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਵਾਬ ਹੈ:

**"ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"**

ਗੁਰੂ ਸਾਹਿਬ ਜਾਣਦੇ ਸਨ ਕਿ ਸਵਾਰਥੀ ਅਤੇ ਸ਼ਰਾਰਤੀ ਕਿਸਮ ਦੇ ਲੋਕ ਇਨ੍ਹਾਂ ਸ਼ਬਦਾਂ ਨੂੰ ਤੋੜ-ਮਰੋੜ ਕੇ ਮਨਭਾਉਂਦੇ ਅਰਥ ਕੱਢ ਕੇ ਆਪਣੀਆਂ ਵਿਹਲੜ ਗੋਗੜਾਂ ਨੂੰ ਝੁਲਕਾ ਦੇਣ ਦਾ ਉਪਰਾਲਾ ਕਰਨਗੇ, ਸੋ ਸ਼ਬਦ ਗੁਰੂ' ਦੇ ਇਸੇ ਸਿਧਾਂਤ ਨੂੰ ਗੁਰੂ ਸਾਹਿਬ ਨੇ 'ਸਿਧ ਗੋਸਟਿ' ਦੀ 59ਵੀਂ ਪਾਉੜੀ ਵਿੱਚ ਹੋਰ ਵੀ ਸਪੱਸ਼ਟ ਕਰ ਦਿੱਤਾ :

**"ਸ਼ਬਦਿ ਗੁਰੂ ਭਵਸਾਗਰੁ ਤਰੀਐ,**
**ਇਤ ਉਤ ਏਕੋ ਜਾਣੈ॥**
**ਚਿਰਨੁ ਵਰਨੁ ਨਹੀ ਛਾਇਆ ਮਾਇਆ,**
**ਨਾਨਕ ਸਬਦੁ ਪਛਾਣੈ॥"**

ਸਿਰੀ ਰਾਗ ਵਿੱਚ ਗੁਰੂ ਨਾਨਕ ਸਾਹਿਬ ਨੇ ਇੱਕ ਹੀ ਪੰਕਤੀ ਵਿੱਚ ਫੈਸਲਾ ਸੁਣਾ ਦਿੱਤਾ। ਗੁਰਵਾਕ ਹੈ : **"ਮਨ ਰੇ, ਸਬਦਿ ਤਰਹੁ ਚਿਤੁ ਲਾਇ॥"**

ਗੁਰੂ ਸਾਹਿਬ ਦੇ ਫੈਸਲਾਕੁੰਨ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਵੀ ਅੱਜ ਬਹੁਤ ਸਾਰੇ ਸਿੱਖ 'ਸ਼ਬਦ ਗੁਰੂ' ਦਾ ਪੱਲਾ ਛੱਡ ਕੇ 'ਆਪੂ ਬਣੇ ਮਾਰਡਨ ਗੁਰੂਆਂ' ਦੀ ਪੂਛ ਪਕੜੀ ਬੈਠੇ ਹਨ। ਭੁਲੇਖੇ ਵਿੱਚ ਪਾਉਣ ਲਈ ਇਨ੍ਹਾਂ ਦੰਭੀ ਗੁਰੂਆਂ ਦੇ ਪਾਲਤੂ ਬਟੇਰਿਆਂ ਵੱਲੋਂ ਪਰਚਾਰਿਆ ਜਾਂਦਾ ਹੈ ਕਿ ਵਾਹਿਗੁਰੂ ਨਾਲ ਉਹ ਹੀ ਮਿਲਾ ਸਕਦਾ ਹੈ, ਜੋ ਉਸ ਨਾਲ ਜੁੜਿਆ ਹੋਵੇ। ਇਹ ਧਾਰਮਿਕਤਾ ਦੇ ਵੈਰੀ ਦੇਹਧਾਰੀਆਂ ਅਤੇਅਧਿਆਤਮਿਕਤਾ ਦੇ ਦੁਸ਼ਮਣ ਅਜੋਕੇ ਲੋਟੂਆਂ ਦੀ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਇੱਕ ਚਾਲ ਹੈ। ਸੱਚ ਤਾਂ ਇਹ ਹੈ ਕਿ 'ਗੁਰਬਾਣੀ' ਮਹਾਨ ਸਿੱਖ ਸਤਿਗੁਰਾਂ ਅਤੇ ਪਰਮਾਤਮ ਰੂਪ ਹੋਏ ਗੁਰ-ਪਰਵਾਨਤ ਭਗਤਾਂ ਦੀ ਵਾਹਿਗੁਰੂ ਨਾਲ ਹੋਈ ਇਕਮਿਕਤਾ ਅਤੇ ਅਭੇਦਤਾ ਦੀ ਉਪਜ ਅਥਵਾ ਅਨੁਭਵ ਹੈ। 'ਸ਼ਬਦ' ਜਿਥੇ ਵਾਹਿਗੁਰੂ-ਮਿਲਾਪ ਤੋਂ ਉਪਜੀ ਅਗੰਮੀ ਅਨਾਦੀ ਅਵਸਥਾ ਦਾ ਜ਼ਿਕਰ ਕਰਦਾ ਹੈ, ਉਥੇ ਵਾਹਿਗੁਰੂ-ਮਿਲਾਪ ਦੇ ਰਾਹ ਵਿੱਚ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਭੀ ਕਰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੇ ਆਰੰਭ-ਕਾਲ ਤੱਕ 100 ਵਰ੍ਹਿਆਂ ਦੇ ਲੰਮੇ ਇਤਿਹਾਸ ਨੇ, ਜਦੋਂ 'ਦੇਹਧਾਰੀ ਗੁਰੂ' ਨਾਂ ਦੀ ਕੋਈ ਚੀਜ਼ ਨਹੀਂ ਸੀ, ਇਹ ਦੱਸ ਦਿੱਤਾ ਕਿ 'ਸ਼ਬਦ' ਤੋਂ ਅਗਵਾਈ ਲੈ ਕੇ ਸਿੰਘ ਕਿਸ ਤਰ੍ਹਾਂ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਦਾ ਟਾਕਰਾ ਕਰ ਸਕਦੇ ਹਨ। ਇਹ 'ਸ਼ਬਦ' ਹੀ ਸੀ, ਜਿਸ ਨੇ ਰੰਕਾਂ ਨੂੰ ਰਾਜੇ ਬਣਾ ਦਿੱਤਾ ਅਤੇ ਛੰਭਾਂ ਦੀਆਂ ਛੁਪਣਗਾਹਾਂ ਵਿੱਚ ਠਾਹਰਾਂ ਲੈਣ ਵਾਲੇ ਰਾਜਗੱਦੀਆਂ ਤੇ ਬਿਰਾਜਮਾਨ ਹੋਏ। 'ਸ਼ਬਦ ਗੁਰੂ' ਦੀ ਓਟ ਲੈ ਕੇ ਉਸ ਸਮੇਂ ਸਿੱਖਾਂ ਨੇ ਆਪਣੇ ਸਰੀਰਾਂ 'ਤੇ ਜਿਵੇਂ ਅਡੋਲ ਰਹਿ ਕੇ ਜੋ ਕਸ਼ਟ ਸਹਾਰੇ, ਉਹ ਆਪਣੀ ਮਿਸਾਲ ਆਪ ਹਨ। ਸ਼ਬਦ ਗੁਰੂ ਦੀ ਓਟ-ਆਸਰੇ ਰਹਿਣ ਵਾਲੇ ਸ਼ਰਧਾਲੂ ਗੁਰਸਿੱਖਾਂ ਨੂੰ ਸਮੇਂ ਦੀ ਜਾਬਰ ਹਕੂਮਤ ਵੱਲੋਂ ਚਰਖੜੀਆਂ ਤੇ ਚਾੜ੍ਹ ਕੇ ਤੂੰਬਾ ਤੂੰਬਾ ਕੀਤਾ ਗਿਆ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ, ਜੰਬੂਰਾਂ ਨਾਲ ਮਾਸ ਨੋਚਿਆ ਗਿਆ, ਹਾਥੀਆਂ ਦੀਆਂ ਸੁੰਮਾਂ ਥੱਲੇ ਲਤਾੜਿਆ ਗਿਆ, ਘੋੜਿਆਂ ਮਗਰ ਬੰਨ ਕੇ ਘੜੀਸਿਆਂ ਗਿਆ, ਅੱਧਾ ਧੜ ਧਰਤੀ ਵਿੱਚ ਗੱਡ ਕੇ ਅੱਧਾ ਤੋਪਾਂ ਨਾਲ ਉਡਾਇਆ ਗਿਆ, ਬੱਚਿਆਂ ਦੇ ਟੋਟੇ ਕਰ ਕੇ ਹਾਰ ਮਾਵਾਂ ਦੇ ਗਲ ਵਿੱਚ ਪਾਏ ਗਏ, ਤਰ੍ਹਾਂ-ਤਰ੍ਹਾਂ ਦੇ ਡ੍ਰਮ-ਡਰਾਵਿਆਂ ਦੇ ਨਾਲ-ਨਾਲ ਵੱਡੇ-ਵੱਡੇ ਲੋਭ-ਲਾਲਚ ਵੀ ਦਿੱਤੇ ਗਏ, ਪ੍ਰੰਤੂ ਅਜਿਹੀ ਇੱਕ ਵੀ ਉਦਾਹਰਣ ਇਤਿਹਾਸ ਦੇ ਪੰਨਿਆਂ 'ਤੇ ਨਹੀਂ ਮਿਲਦੀ ਕਿ ਕੋਈ ਇੱਕ ਗੁਰਸਿੱਖ ਵੀ ਆਪਣੇ ਸ਼ਬਦ ਗੁਰੂ ਦੇ ਗੁਰਮਤ ਗਾਡੀ ਰਾਹ ਤੋਂ ਤਿਲਕਿਆ ਹੋਵੇ। ਏਅਰ ਕੰਡੀਸ਼ਨ ਗੱਡੀਆਂ ਝੂਟਣ ਵਾਲੇ, ਮਖਮਲੀ ਸੇਜਾਂ ਮਾਨਣ ਵਾਲੇ ਅਜੋਕੇ ਮਾਡਰਨ ਗੁਰੂ ਅਤੇ ਉਨ੍ਹਾਂ ਦੇ ਚੇਲੇ-ਚਾਟੜੇ ਤਾਂ ਅਜਿਹੇ ਕਸ਼ਟਾਂ ਦੇ ਨਾਂ-ਮਾਤਰ ਨਾਲ ਹੀ ਤ੍ਰਾਹ ਉੱਠਦੇ ਹਨ।

ਅਫਸੋਸ ! ਅਸੀਂ 'ਸ਼ਬਦ' ਦੀ ਓਟ ਛੱਡ ਚੁੱਕੇ ਹਾਂ। ਸ਼ਬਦ (ਸਿਧਾਂਤ) ਦੀ ਪੂਜਾ ਨੂੰ ਤਿਲਾਂਜਲੀ ਦੇ ਕੇ ਦੇਹਧਾਰੀ (ਸਖਸ਼ੀਅਤ) ਦੀ ਪੂਜਾ ਆਰੰਭ ਦਿੱਤੀ ਹੈ। ਸਖ਼ਸ਼ੀਅਤ (ਦੇਹ) ਦੀ ਪੂਜਾ ਹੀ ਧੜਿਆਂ ਦੀ ਜਨਮਦਾਤੀ ਹੋਇਆ ਕਰਦੀ ਹੈ। ਇਸੇ ਬਿਰਤੀ ਕਾਰਣ ਹੀ ਧੜਿਆਂ ਨੂੰ ਧਰਮ ਨਾਲੋਂ ਜ਼ਿਆਦਾ ਪਿਆਰਾ ਸਮਝਿਆ ਜਾਂਦਾ ਹੈ। ਸਾਡੀ ਸਾਰੀ ਦੀ ਸਾਰੀ ਆਪਸੀ ਖਿਚੋਤਾਣ ਦਾ ਕਾਰਣ ਸ਼ਬਦ (ਸਿਧਾਂਤ) ਦੀ ਮਾਨਤਾ ਵੱਲੋਂ ਅਵੇਸਲਾਪਨ ਹੈ।

ਲੋੜ ਹੈ, ਇਸ ਮੁਸੀਬਤਾਂ ਭਰੇ ਸਮੇਂ ਸ਼ਬਦ ਗੁਰੂ, ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਅਗਵਾਈ ਅਮਲੀ ਰੂਪ ਵਿੱਚ ਪ੍ਰਾਪਤ ਕਰੀਏ, ਜੋ ਰੰਕਾਂ ਤੋਂ ਰਾਜੇ ਬਣਾਉਣ ਦੇ ਸਮੱਰਥ ਹੈ, ਜੋ ਪਾਤਿਸ਼ਾਹਾਂ ਦਾ ਵੀ ਪਾਤਿਸ਼ਾਹ ਹੈ, ਜੋ ਦੀਨ-ਦੁਨੀ ਦਾ ਮਾਲਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸਾਨੂੰ ਉਸੇ ਰਾਹ 'ਤੇ ਤੁਰਨਾ ਪਵੇਗਾ, ਜਿਹੜਾ ਰਾਹ ਗੁਰੂ ਸਾਹਿਬਾਨ ਨੇ ਆਪਣੀ ਅਗੰਮੀ ਜੋਤ ਅਤੇ ਵਿਸਮਾਦੀ ਜੁਗਤ ਰਾਹੀਂ ਦਰਸਾਇਆ ਹੈ। ਆਪਣੀ ਜਨਮਤ, ਦੁਰਮਤ ਅਤੇ ਅਨਮਤਾਂ ਤਿਆਗ ਕੇ ਹੀ ਬੁਲੰਦੀਆਂ ਨੂੰ ਛੂਹਿਆ ਜਾ ਸਕਦਾ ਹੈ। ਗੁਰ-ਫੁਰਮਾਨ ਹੈ :

**"ਇਤੁ ਮਾਰਗਿ ਚਲੇ ਭਾਈਅੜੇ,**
**ਗੁਰੁ ਕਹੈ ਸੁ ਕਾਰ ਕਮਾਇ ਜੀਓ॥**
**ਤਿਆਗੇਂ ਮਨ ਕੀ ਮਤੜੀ,**
**ਵਿਸਾਰੇਂ ਦੂਜਾ ਭਾਉ ਜੀਓ॥**
**ਇਉ ਪਾਵਹਿ ਹਰਿ ਦਰਸਾਵੜਾ,**
**ਨਹ ਲਗੈ ਤਤੀ ਵਾਉ ਜੀਉ॥"**

ਕੇਵਲ 'ਸ਼ਬਦ ਗੁਰੂ' ਦੀ ਓਟ ਲੈ ਕੇ ਅਸੀਂ ਸਵੈਮਾਣ ਭਰੀ ਜ਼ਿੰਦਗੀ ਜਿਊਣ ਦੇ ਸਮਰੱਥ ਹੋ ਸਕਦੇ ਹਾਂ।

ਸਤਿਗੁਰੂ ਸਾਹਿਬਾਨ ਦੇ ਸਪੱਸ਼ਟ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਜੋ ਲੋਕ ਪਾਖੰਡੀਆਂ-ਦੰਭੀਆਂ ਡੰਮੀ ਦੇਹਧਾਰੀ ਗੁਰੂਆਂ ਦੇ ਅੰਗੂਠੇ ਚੁੰਘਦੇ ਹਨ ਉਨ੍ਹਾਂ ਨੂੰ ਧੁਰ ਕੀ ਬਾਣੀ ਦੀ ਅਗੰਮੀ ਚੇਤਾਵਨੀ ਹੈ ਕਿ ਅੰਧਲੇ ਗੁਰੂਆਂ ਦੇ ਚੇਲੇ ਵੀ ਅੰਧੇ ਹੀ ਹੋਇਆ ਕਰਦੇ ਹਨ, ਉਨ੍ਹਾਂ ਨੂੰ ਜੀਵਨ ਮਨੋਰਥ ਦੀ ਪ੍ਰਾਪਤੀ ਵੀ ਨਹੀਂ ਹੋਇਆ ਕਰਦੀ ਅਤੇ ਇਸ ਸੰਸਾਰ ਵਿੱਚ ਉਨ੍ਹਾਂ ਦੀ ਆਮਦ ਵੀ ਸੁੰਞੇ ਘਰ ਵਿੱਚ ਕਾਂ ਦੇ ਗੇੜਾਂ ਮਾਰਨ ਵਰਗੀ ਹੀ ਹੈ, ਜਿਸ ਤੋਂ ਪ੍ਰਾਪਤੀ ਤਾਂ ਕੋਈ ਹੁੰਦੀ ਨਹੀਂ, ਬਲਕਿ ਪਛਤਾਵਾ ਹੀ ਪੱਲੇ ਪੈਂਦਾ ਹੈ।

ਇਸ ਪ੍ਰਥਾਇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਲਾਹੀ ਫੁਰਮਾਨ ਹੈ:

**"ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥**
**ਬਿਨੁ ਸਤਿਗੁਰ ਨਾਉ ਨ ਪਾਈਐ,**
**ਬਿਨੁ ਨਾਵੈ ਕਿਆ ਸੁਆਉ॥**
**ਆਇ ਗਇਆ ਪਛੁਤਾਵਣਾ**
**ਜਿਉ ਸੁੰਞੈ ਘਰਿ ਕਾਉ॥"**

ਸੱਚ ਤਾਂ ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੱਬੀ ਮਹਾਂਵਾਕਾਂ ਤੋਂ ਲਈ ਗਈ ਅਮਲੀ ਸੇਧ ਹੀ ਹਲਤ-ਪਲਤ ਦੇ ਸਾਰੇ ਸੁੱਖਾਂ ਦੀ ਕੁੰਜੀ ਹੈ...

Scanned with CamScanner

# ਸੰਯੁਕਤ ਕਿਸਾਨ ਮੋਰਚਾ ਵੱਲੋਂ 13 ਅਪ੍ਰੈਲ ਦਾ ਦਿਨ ਵਿਸਾਖੀ, ਖਾਲਸਾ ਸਾਜਨਾ ਦਿਵਸ ਅਤੇ ਜਲ੍ਹਿਆਂ ਵਾਲਾ ਬਾਗ ਕਾਂਡ ਨੂੰ ਸਮਰਪਿਤ ਕੀਤਾ ਗਿਆ



ਸਿੰਘੂ ਬਾਰਡਰ (ਦਿੱਲੀ )/ ਭਵਨਦੀਪ ਸਿੰਘ ਪੁਰਬਾ/ ਵੈੱਬ ਡੈਸਕ

ਸੰਯੁਕਤ ਕਿਸਾਨ ਮੋਰਚੇ ਵੱਲੋਂ 13 ਅਪ੍ਰੈਲ ਦਾ ਵਿਸਾਖੀ, ਖਾਲਸਾ ਸਾਜਨਾ ਦਿਵਸ ਅਤੇ ਜਲ੍ਹਿਆਂਵਾਲਾ ਬਾਗ ਕਾਂਡ ਨੂੰ ਸਮਰਪਿਤ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਆਪਣੀ ਖੁਸ਼ਹਾਲ ਅਤੇ ਲਾਭਕਾਰੀ ਜ਼ਿੰਦਗੀ ਜਿਉਣ ਲਈ ਨਿਰੰਤਰ ਸੰਘਰਸ਼ ਕਰ ਰਿਹਾ ਹੈ। ਅੱਜ ਖੇਤੀ ਘਾਟੇ ਦਾ ਸੌਦਾ ਹੈ, ਸਰਕਾਰ ਦੁਆਰਾ ਲਿਆਂਦੇ ਗਏ ਖੇਤੀਬਾੜੀ ਦੇ ਤਿੰਨ ਕਾਨੂੰਨ ਵੀ ਇਸ ਸੰਕਟ ਨੂੰ ਹੋਰ ਵਧਾ ਦੇਣਗੇ। ਕਿਸਾਨ ਉਦੋਂ ਹੀ ਖੁਸ਼ਹਾਲ ਹੋ ਸਕਣਗੇ, ਜਦੋਂ ਉਨ੍ਹਾਂ ਦੀ ਫਸਲ ਦਾ ਹਰ ਇੱਕ ਦਾਣਾ ਉੱਚਿਤ ਕੀਮਤ 'ਤੇ ਵਿਕੇਗਾ ਅਤੇ ਕਾਰਪੋਰੇਟ ਸ਼ੋਸ਼ਣ ਤੋਂ ਛੁਟਕਾਰਾ ਮਿਲੇਗਾ।

ਖਾਲਸਾ ਪੰਥ ਦਾ ਸਥਾਪਨਾ ਦਿਵਸ ਅੱਜ ਸਿੰਘੂ-ਸਰਹੱਦ 'ਤੇ ਮਨਾਇਆ ਗਿਆ। ਦੱਬੇ-ਕੁਚਲੇ ਲੋਕਾਂ ਵਿਰੁੱਧ ਲੜਦਿਆਂ ਖਾਲਸਾ ਪੰਥ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਅੱਜ ਟੀਕਰੀ ਬਾਰਡਰ 'ਤੇ ਕਈ ਪ੍ਰੋਗਰਾਮ ਆਯੋਜਿਤ ਕੀਤੇ ਗਏ, ਜਿਸ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਨਾਲ ਨਾਲ ਨੇੜਲੇ ਲੋਕਾਂ ਨੇ ਹਿੱਸਾ ਲਿਆ। ਗਾਜੀਪੁਰ ਸਰਹੱਦ 'ਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਯਾਦ' ਚ ਪ੍ਰਭਾਤ ਫੇਰੀ ਅਤੇ ਸ਼ਹੀਦਾਂ ਦੀ ਯਾਦ 'ਚ ਇਕ ਮਾਲਾ ਪ੍ਰੋਗਰਾਮ ਕੀਤਾ ਗਿਆ। ਜਲ੍ਹਿਆਂਵਾਲਾ ਬਾਗ ਸ਼ਹੀਦੀ ਦਿਵਸ'ਤੇ ਸਿੰਘੂ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਸਟੇਜ ਤੋਂ ਵਿਚਾਰ ਵਟਾਂਦਰਾ ਕੀਤਾ ਅਤੇ ਨਾਟਕ ਅਤੇ ਗੀਤ ਵੀ ਪੇਸ਼ ਕੀਤੇ ਗਏ।

# ਦਿੱਲੀ ਦੇ ਕਿਸਾਨ ਮੋਰਚਿਆਂ 'ਤੇ ਧੰਨਾ ਭਗਤ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ

ਸਿੰਘੂ ਬਾਰਡਰ (ਦਿੱਲੀ )/ ਭਵਨਦੀਪ ਸਿੰਘ ਪੁਰਬਾ/ ਵੈੱਬ ਡੈਸਕ

ਧੰਨਾ ਭਗਤ ਜੀ ਦੇ ਪਿੰਡ ਤੋਂ ਕਿਸਾਨ-ਅੰਦੋਲਨ ਦੇ ਸਮਰਥਕ ਮਿੱਟੀ ਲੈ ਕੇ ਪਹੁੰਚੇ ਅਤੇ ਉਨ੍ਹਾਂ ਦੀ ਯਾਦ ਵਿੱਚ ਵੱਖ-ਵੱਖ ਥਾਵਾਂ 'ਤੇ ਪ੍ਰੋਗਰਾਮ ਆਯੋਜਿਤ ਕੀਤੇ ਗਏ। ਧੰਨਾ ਭਗਤ ਨਾ ਸਿਰਫ ਕਿਸਾਨਾਂ ਲਈ ਪ੍ਰੇਰਣਾ ਸਰੋਤ ਹਨ, ਬਲਕਿ ਉਹਨਾਂ ਦੇ ਵਿਚਾਰ ਹੋਰ ਸਮਾਜਿਕ ਮੁੱਦਿਆਂ ਜਿਵੇਂ ਸਿੱਖਿਆ, ਦਾਜ ਪ੍ਰਣਾਲੀ, ਲਿੰਗ ਸਮਾਨਤਾ ਅਤੇ ਹੋਰ ਮੁੱਦਿਆਂ 'ਤੇ ਵੀ ਜਾਗਰੂਕਤਾ ਫੈਲਾਉਂਦੇ ਹਨ।

ਜਦੋਂ ਤੋਂ ਕਣਕ ਦੀ ਖਰੀਦ ਸ਼ੁਰੂ ਹੋਈ ਹੈ, ਕੇਂਦਰ ਸਰਕਾਰ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਨ ਲਈ ਨਿਰੰਤਰ ਕੋਸ਼ਿਸ਼ ਕਰ ਰਹੀ ਹੈ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਬਾਰਦਾਨੇ ਦੀ (ਵੱਡੇ ਬੈਗ) ਦੀ ਮਾਰਕੀਟ ਵਿੱਚ ਸਮੇਂ ਸਿਰ ਪਹੁੰਚ ਨਹੀਂ ਹੋ ਰਹੀ, ਜਿਸ ਕਾਰਨ ਕਿਸਾਨ ਨੂੰ ਕਈ ਦਿਨਾਂ ਤੱਕ ਮੰਡੀ ਵਿੱਚ ਬਹਿਣਾ ਪੈ ਰਿਹਾ ਹੈ ਅਤੇ ਪਰਾਈਵੇਟ ਵਪਾਰੀਆਂ ਨੂੰ ਫਸਲ ਵੇਚਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਸਰਕਾਰ ਖੁਦ ਮੰਡੀ ਪ੍ਰਣਾਲੀ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਫਿਰ ਮੰਡੀਕਰਨ ਵਿਗੜਨ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਖਤਮ ਕਰਨ ਦੇ ਦਾਅਵੇ ਕਰਦੀ ਹੈ। ਜਬਰਦਸਤੀ ਸਿੱਧੀ ਅਦਾਇਗੀ ਕਰਨਾ ਅਤੇ ਜ਼ਮੀਨੀ ਰਿਕਾਰਡਾਂ ਦੀ ਮੰਗ ਕਰਨਾ ਵੀ ਇਸ ਦਿਸ਼ਾ ਵਿਚ ਇਕ ਕਦਮ ਹੈ, ਜਿਸ ਦਾ ਕਿਸਾਨ ਸਖ਼ਤ ਵਿਰੋਧ ਕਰਨਗੇ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਮਜ਼ਦੂਰਾਂ ਨੇ ਵਾਪਸ ਦਿੱਲੀ ਆਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਕਿਸਾਨ ਟਿਕਰੀ ਬਾਰਡਰ 'ਤੇ ਵੱਡੀ



ਗਿਣਤੀ ਵਿਚ ਸ਼ਾਮਲ ਹੋਏ। ਜਿਨ੍ਹਾਂ ਕਿਸਾਨਾਂ ਨੇ ਫਸਲ ਦੀ ਵਾਢੀ ਕਰ ਲਈ ਹੈ ਅਤੇ ਵੇਚ ਚੁੱਕੇ ਹਨ, ਉਹ ਸਿੰਘੂ ਮੋਰਚੇ 'ਤੇ ਵੀ ਪਹੁੰਚਣੇ ਸ਼ੁਰੂ ਹੋ ਗਏ ਹਨ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਪ੍ਰਵਾਸੀ ਮਜ਼ਦੂਰਾਂ ਦੇ ਦਿੱਲੀ ਅਤੇ ਨੇੜਲੇ ਇਲਾਕਿਆਂ ਤੋਂ ਘਰ ਵਾਪਸ ਜਾਣ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ। ਕਿਸਾਨ ਆਗੂਆਂ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਾਨ ਨੂੰ ਖਤਰੇ ਵਿਚ ਨਾ ਪਾਉਣ ਅਤੇ ਜਦੋਂ ਤੱਕ ਕਿਸਾਨ ਧਰਨੇ 'ਤੇ ਚੱਲ ਰਹੇ ਹਨ, ਪ੍ਰਵਾਸੀ ਮਜ਼ਦੂਰ ਵੀ ਇਥੇ ਸ਼ਾਮਲ ਹੋ ਸਕਦੇ ਹਨ। ਕਿਸਾਨ ਅਤੇ ਹੋਰ ਸਮਾਜ ਭਲਾਈ ਸੰਸਥਾਵਾਂ ਇੱਥੇ ਸਾਰੇ ਪ੍ਰਵਾਸੀ ਮਜ਼ਦੂਰਾਂ ਦੇ ਰਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਕਰ ਰਹੀਆਂ ਹਨ। ਗਾਜੀਪੁਰ ਬਾਰਡਰ 'ਤੇ ਕਿਸਾਨ ਜਥੇਬੰਦੀਆਂ ਨੇ ਫੂਡ ਪੈਕਟ ਤਿਆਰ ਕੀਤੇ, ਜੋ ਕਿ ਦਿੱਲੀ ਦੇ ਵੱਖ-ਵੱਖ ਬੱਸ ਸਟੇਸ਼ਨਾਂ ਅਤੇ ਰੇਲਵੇ ਸਟੇਸ਼ਨਾਂ' ਤੇ ਵੰਡੇ ਜਾਣਗੇ, ਹਜ਼ਾਰਾਂ ਪੈਕਟ ਆਨੰਦ ਵਿਹਾਰ ਬੱਸ ਅੱਡੇ ਵਿਖੇ ਵੰਡੇ ਗਏ।

# ਮਕਾਨ ਦੀ ਛੱਤ ਡਿੱਗਣ ਨਾਲ ਇਕ ਔਰਤ ਤੇ ਉਸ ਦੀ ਧੀ ਦੀ ਮੌਤ

ਮੋਗਾ/ ਭਵਨਦੀਪ ਸਿੰਘ ਪੁਰਬਾ



ਬੀਤੇ ਦਿਨੀ ਮੋਗਾ ਦੀ ਰਾਮਗੰਜ ਮੰਡੀ ਵਿਚ ਬਣੇ ਪੁਰਾਣੇ, ਖਸਤਾ ਹਾਲਤ ਦੇ ਮਕਾਨ ਦੀ ਛੱਤ ਡਿੱਗਣ ਨਾਲ ਇੱਕ ਔਰਤ ਤੇ ਉਸ ਦੀ ਇੱਕ ਧੀ ਦੀ ਛੱਤ ਦੇ ਮਲਬੇ ਹੇਠ ਦੱਬ ਜਾਣ ਨਾਲ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ 4 ਮਈ ਨੂੰ ਦੁਪਹਿਰ ਸਮੇਂ ਇਹ ਘਟਨਾ ਵਾਪਰੀ। ਇਸ ਘਟਨਾ ਦੇ ਵਾਪਰਨ ਤੋਂ ਤੁਰੰਤ ਬਾਅਦ ਐਮ.ਸੀ. ਮਨਜੀਤ ਸਿੰਘ ਧੰਮੂ ਸਮੇਤ ਮੁਹੱਲਾ ਨਿਵਾਸੀਆਂ ਵੱਲੋਂ ਮਲਬੇ ਹੇਠ ਦੱਬ ਚੁੱਕੀਆਂ ਮਾਵਾਂ ਧੀਆਂ ਨੂੰ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ ਪਰ ਮਾਂ ਦੀ ਮੌਕੇ 'ਤੇ ਮੌਤ ਹੋ ਚੁੱਕੀ ਸੀ ਜਦਕਿ ਧੀ ਦੀ ਹਸਪਤਾਲ ਪਹੁੰਚਦਿਆਂ ਮੌਤ ਹੋ ਗਈ।

ਮੌਕੇ ਤੇ ਪਹੁੰਚੇ ਡੀ.ਐਸ.ਪੀ. (ਸਿਟੀ) ਬਲਜਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਚਰਨਜੀਤ ਕੌਰ ਨਾਮ ਦੀ ਔਰਤ ਆਪਣੀਆਂ ਦੋ ਧੀਆਂ ਨਾਲ ਮਕਾਨ ਵਿੱਚ ਰਹਿੰਦੀ ਸੀ। ਘਟਨਾ ਵਾਪਰਨ ਮੌਕੇ ਮਾਂ ਅਤੇ ਇੱਕ ਧੀ ਕਮਰੇ 'ਚੋ ਮੌਜੂਦ ਸਨ ਜਦਕਿ ਦੂਜੀ ਲੜਕੀ ਕੰਮ ਤੇ ਗਈ ਹੋਈ ਸੀ ਜਿਸ ਕਰਕੇ ਉਸ ਦਾ ਬਚਾਅ ਹੋ ਗਿਆ। ਉਨ੍ਹਾਂ ਦੱਸਿਆ ਕਿ ਮ੍ਰਿਤਕ ਔਰਤ ਦੇ ਪਤੀ ਦੀ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ।



ਉੱਘੇ ਸਮਾਜ ਸੇਵਕ ਮਹਿੰਦਰਪਾਲ ਲੂੰਬਾ ਇਸ ਪ੍ਰੀਵਾਰ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਇਹ ਪਰਿਵਾਰ ਬਹੁੱਤ ਗਰੀਬ ਪ੍ਰੀਵਾਰ ਸੀ ਅਤੇ ਆਪਣੇ ਘਰ ਦੀ ਛੱਤ ਨੂੰ ਦੁਬਾਰਾ ਪਾਉਣ ਲਈ ਸਾਡੀ ਸੰਸਥਾ ਕੋਲ ਮੱਦਦ ਮੰਗਣ ਆਇਆ ਸੀ। ਉਨ੍ਹਾਂ ਆਖਿਆ ਕਿ ਮੈਂ ਦੋ-ਤਿੰਨ ਦਿਨ ਪਹਿਲਾਂ ਹੀ ਘਰ ਦੀਆਂ ਤਸਵੀਰਾਂ ਖਿੱਚ ਕੇ ਸਰਬੱਤ ਦਾ ਭਲਾ ਟਰੱਸਟ ਦੇ ਪੈਟਰਨ ਐੱਸ ਪੀ ਸਿੰਘ ਓਬਰਾਏ ਨੂੰ ਭੇਜੀਆਂ ਸਨ ਅਤੇ ਜਲਦੀ ਹੀ ਸਰਬੱਤ ਦਾ ਭਲਾ ਟਰੱਸਟ ਵੱਲੋਂ ਮਕਾਨ ਦੀ ਛੱਤ ਪਾਉਣ ਲਈ ਮਾਲੀ ਸਹਾਇਤਾ ਆ ਜਾਣੀ ਸੀ ਪਰ ਅਫਸੋਸ ਕਿ ਪਹਿਲਾ ਹੀ ਇਹ ਮੰਦਭਾਗੀ ਘਟਨਾ ਵਾਪਰ ਗਈ ਜਿਸ ਦਾ ਸਾਨੂੰ ਬੇਹੱਦ ਅਫਸੋਸ ਰਹੇਗਾ।

# ਏ.ਐਸ.ਆਈ. ਸਤਨਾਮ ਸਿੰਘ ਨੇ ਉਚ-ਅਧਿਕਾਰੀਆਂ ਤੋਂ ਪਰੇਸ਼ਾਨ ਹੋ ਕੇ ਕੀਤੀ ਖੁਦਕੁਸ਼ੀ

ਬੱਧਣੀ ਕਲਾਂ/ ਮਵਦੀਲਾ ਬਿਓਰੋ



ਸੋਮਵਾਰ ਨੂੰ ਸਵੇਰ ਥਾਣਾ ਬੱਧਨੀ ਕਲਾਂ ਅਧੀਨ ਪੈਂਦੀ ਪੁਲਿਸ ਚੌਕੀ ਲੋਪੋਂ ਵਿੱਚ ਤਾਇਨਾਤ ਏ.ਐਸ.ਆਈ. ਸਤਨਾਮ ਸਿੰਘ ਨੇ ਆਪਣੇ ਹੀ ਰਿਵਾਲਵਰ ਨਾਲ ਖੁਦਕੁਸ਼ੀ ਕਰ ਲਈ। ਮਿਲੀ ਜਾਣਕਾਰੀ ਅਨੁਸਾਰ ਸਤਨਾਮ ਸਿੰਘ ਨੇ ਸੋਮਵਾਰ ਸਵੇਰੇ ਸਾਢੇ ਛੇ ਵਜੇ ਆਪਣੇ ਬੇਟੇ ਗੁਰਪ੍ਰੀਤ ਸਿੰਘ ਨੂੰ ਆਖਰੀ ਮੈਸੇਜ ਕੀਤਾ ਜਿਸ ਵਿੱਚ ਉਸ ਨੇ ਲਿਖਿਆ ਕਿ ਬੇਟਾ ਇਹ ਮੇਰਾ ਆਖਰੀ ਮੈਸੇਜ ਹੈ, ਮੈਂ ਪੁਲਿਸ ਵਿਭਾਗ ਦੇ ਉਚ ਅਧਿਕਾਰੀਆਂ ਤੋਂ ਬਹੁਤ ਪਰੇਸ਼ਾਨ ਹਾਂ ਇਸ ਲਈ ਆਤਮ ਹੱਤਿਆ ਕਰ ਰਿਹਾ ਹਾਂ। ਬੇਟੇ ਨੇ ਪਰੇਸ਼ਾਨੀ ਜਾਨਣ ਦੀ ਕੋਸ਼ਿਸ਼ ਕੀਤੀ ਪਰ ਮੋਬਾਈਲ ਫੋਨ ਸਵਿੱਚ ਆਫ ਹੋ ਗਿਆ। ਜਦ ਤਕ ਬੇਟਾ ਲੋਪੋ ਚੌਕੀ ਪਹੁੰਚਿਆ ਉਦੋਂ ਤਕ ਉਸ ਦੇ ਪਿਤਾ ਨੇ ਖੁਦ ਨੂੰ ਗੋਲੀ ਮਾਰ ਲਈ ਸੀ। ਗੰਭੀਰ ਹਾਲਤ ਵਿਚ ਉਸ ਨੂੰ ਸਿਵਲ ਹਸਪਤਾਲ ਮੋਗਾ ਪਹੁੰਚਿਆ ਗਿਆ ਜਿਥੇ ਡਾਕਟਰਾ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਸਤਨਾਮ ਸਿੰਘ (ਏ.ਐਸ.ਆਈ.) ਦੀ ਪਤਨੀ ਨੇ ਦੋਸ਼ ਲਾਇਆ ਕਿ ਬੱਧਨੀ ਕਲਾਂ ਦਾ ਐਸ.ਐਚ.ਓ. 50 ਹਜ਼ਾਰ ਰੁਪਏ ਮਹੀਨਾ ਰਿਸ਼ਵਤ ਮੰਗਦਾ ਸੀ, ਪਰੇਸ਼ਾਨ ਹੋ ਕੇ ਉਸ ਦੇ ਪਤੀ ਨੇ ਆਤਮ ਹੱਤਿਆ ਕਰ ਲਈ। ਜਿਕਰਯੋਗ ਹੈ ਕਿ ਏ.ਐਸ.ਆਈ. ਸਤਨਾਮ ਸਿੰਘ ਨੇ ਵੀ ਸੁਸਾਈਡ ਨੋਟ ਵਿਚ ਥਾਣਾ ਬੱਧਨੀਂ ਕਲਾਂ ਦੇ ਐਸ.ਐਚ.ਓ. ਤੋਂ ਤੰਗ ਆ ਕੇ ਕੀਤੀ ਖੁਦਕੁਸ਼ੀ ਕਰਨ ਬਾਰੇ ਲਿਖਿਆ ਹੈ। ਪੁਲਿਸ ਵਲੋਂ ਜਾਂਚ ਜਾਰੀ ਹੈ।

ਕ੍ਰਿਪਾ ਕਰਕੇ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ ਨੂੰ ਸਬਸਕ੍ਰਾਈਬ ਕਰੋ ਜੀ।

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ Web TV




Scanned with CamScanner

# ਸਰਕਾਰ ਕਿਸਾਨਾਂ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਸਿਹਤ ਸਹੂਲਤਾਂ 'ਤੇ ਧਿਆਨ ਦੇਵੇ -ਕਿਸਾਨ ਆਗੂ

ਸਿੰਘੁ ਬਾਰਡਰ (ਦਿੱਲੀ )/ ਭਵਨਦੀਪ ਸਿੰਘ ਪੁਰਬਾ/ ਵੈੱਬ ਡੈਸਕ

ਕਿਸਾਨ ਆਗੂਆ ਨੇ ਇੱਕ ਪ੍ਰੈਸ਼ ਨੋਟ ਰਾਹੀਂ ਕੀਤਾ ਪ੍ਰਗਟਾਵਾ ਕੀਤਾ ਕਿ ਕੋਰੋਨਾ ਦੇ ਪਰਛਾਵੇਂ ਹੇਠ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ ਕਾਰਨ ਕੇਂਦਰ-ਸਰਕਾਰ ਅਤੇ ਭਾਜਪਾ ਆਗੂਆਂ ਨੂੰ ਲਗਾਤਾਰ ਤਿੱਖੇ ਲੋਕ-ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਸਰਕਾਰ ਦੇ ਨੁਮਾਇੰਦੇ ਹਮੇਸ਼ਾਂ ਇਹ ਦੱਸਣ ਤੋਂ ਨਾਕਾਮਯਾਬ ਰਹੇ ਹਨ ਕਿ ਇਹ ਕਾਨੂੰਨ/ ਆਰਡੀਨੈਂਸ ਕਰੋਨਾ-ਕਾਲ 'ਚ ਹੀ ਕਿਉਂ ਲਿਆਂਦੇ ਗਏ ? ਜਦੋਂ ਲੋਕਾਂ ਆਪਣੇ ਘਰਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ। ਸਰਕਾਰ ਇਹ ਦੱਸਣ ਵਿਚ ਵੀ ਅਸਫਲ ਰਹੀ ਹੈ ਕਿ ਕਿਸਾਨਾਂ ਅਤੇ ਵਿਰੋਧੀ ਧਿਰਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਇਨ੍ਹਾਂ ਕਾਨੂੰਨਾਂ ਨੂੰ ਜ਼ਬਰਦਸਤੀ ਕਿਉਂ ਪਾਸ ਕੀਤਾ ਗਿਆ ? ਹੁਣ ਜਦੋਂ ਮੀਟਿੰਗਾਂ ਦੌਰਾਨ ਸਰਕਾਰ ਦੇ ਨੁਮਾਇੰਦਿਆਂ ਦਾ ਇਹ ਮੰਨਣਾ ਹੈ ਕਿ ਇਹਨਾਂ ਕਾਨੂੰਨਾਂ 'ਚ ਅਨੇਕਾਂ ਖਾਮੀਆਂ ਹਨ, ਫਿਰ ਉਹ ਕਿਹੜੇ ਕਾਰਨ ਹਨ ਕਿ ਸਰਕਾਰ ਇਹ ਦੱਸਣ ਤੋਂ ਅਸਮਰੱਥ ਹੈ ਕਿ ਉਹ ਕਾਨੂੰਨ ਨੂੰ ਰੱਦ ਕਿਉਂ ਨਹੀਂ ਕਰਨਾ ਚਾਹੁੰਦੀ ? ਕੋਰੋਨਾ ਮਹਾਂਮਾਰੀ ਦੇ ਕਾਰਨ ਦੇਸ਼ ਅਤੇ ਵਿਸ਼ਵ ਵਿੱਚ ਲਾਕਡਾਊਨ ਲਗਾਇਆ ਗਿਆ ਸੀ, ਉਸ ਸਥਿਤੀ ਦੇ ਬਾਅਦ ਅੰਕੜਿਆਂ ਨੇ ਸਪੱਸ਼ਟ ਤੌਰ 'ਤੇ ਦਿਖਾਇਆ ਕਿ ਸਾਰੇ ਸੈਕਟਰਾਂ ਵਿਚ ਜੀ.ਡੀ.ਪੀ. ਦੀ ਮਾੜੀ ਕਾਰਗੁਜ਼ਾਰੀ ਸੀ, ਪਰ ਖੇਤੀ ਬਾੜੀ ਸੈਕਟਰ ਵਿੱਚ ਲਗਾਤਾਰ ਵਾਧਾ ਹੋਇਆ ਹੈ, ਭੋਜਨ, ਕਿਸਾਨ ਅਤੇ ਖੇਤੀਬਾੜੀ ਜ਼ਿੰਦਗੀ ਦੀਆਂ ਅਹਿਮ ਜ਼ਰੂਰਤਾਂ ਹਨ। ਸਭ ਤੋਂ ਮਹੱਤਵ ਪੂਰਨ ਗੱਲ ਇਹ ਹੈ ਕਿ ਭਾਰਤ ਵਰਗੇ ਦੇਸ਼ ਵਿਚ, ਜਿਥੇ ਅੱਜ ਵੀ ਅਬਾਦੀ ਦਾ ਇਕ ਵੱਡਾ ਹਿੱਸਾ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ, ਪਰ ਕਿਸਾਨਾਂ ਨੂੰ [illegible] ਨੀਤੀ ਸਵੀਕਾਰ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।





ਕਿਸਾਨ ਆਗੂਆ ਨੇ ਕਿਹਾ ਕਿ ਮੌਜੂਦਾ ਸਮੇਂ ਜਦੋਂ ਇਕ ਵਾਰ ਫਿਰ ਕੋਰੋਨਾ ਦੇ ਕੇਸ ਵਧ ਸਾਹਮਣੇ ਆ ਰਹੇ ਹਨ, ਕੇਂਦਰ ਸਰਕਾਰ ਨੂੰ ਕਿਸਾਨੀ ਮਜ਼ਦੂਰਾਂ ਦੀ ਚਿੰਤਾ ਕਰਦਿਆਂ ਕਾਨੂੰਨ ਤੁਰੰਤ ਪ੍ਰਭਾਵ ਨਾਲ ਰੱਦ ਕਰਨੇ ਚਾਹੀਦੇ ਹਨ। ਦਿੱਲੀ ਦੀਆਂ ਹੱਦਾਂ ਤੋਂ ਲੈ ਕੇ ਦੇਸ਼ ਦੇ ਦੂਜੇ ਹਿੱਸਿਆਂ ਤੱਕ ਕਿਸਾਨਾਂ ਦਾ ਸੰਘਰਸ਼ ਉਦੋਂ ਹੀ ਖਤਮ ਹੋਵੇਗਾ, ਜਦੋਂ ਕਿਸਾਨਾਂ ਦੀਆਂ ਮੰਗਾਂ ਮੰਨ ਲਈਆਂ ਜਾਣਗੀਆਂ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਵਾਸੀ ਮਜ਼ਦੂਰਾਂ ਦੀ ਸਿਹਤ ਅਤੇ ਸਮਾਜਿਕ ਸੁਰੱਖਿਆ ਲਈ ਹਰ ਯਤਨ ਕਰਨ ਤਾਂ ਜੋ ਉਨ੍ਹਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਜੇ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਅਤੇ ਆਮ ਲੋਕਾਂ ਨਾਲ ਬਰਾਬਰ ਦੀ ਚਿੰਤਾ ਰੱਖਦੀ ਹੈ ਤਾਂ ਕਿਸਾਨਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ। ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਇਸ ਅੰਦੋਲਨ ਵਿੱਚ ਵੀ 375 ਤੋਂ ਵੱਧ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ। ਮਨੁੱਖਤਾ ਦੇ ਅਧਾਰ 'ਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਸਿਹਤ ਸਹੂਲਤਾਂ ਦਾ ਠੋਸ ਪ੍ਰਬੰਧ ਕਰੇ।

ਉਨ੍ਹਾ ਕਿਹਾ ਕਿ ਇਹ ਬਹੁਤ ਨਿੰਦਣਯੋਗ ਹੈ ਕਿ ਸਰਕਾਰ ਨੇ ਕੋਰੋਨਾ ਦੇ ਪਿਛਲੇ ਤਜਰਬੇ ਤੋਂ ਕੁਝ ਨਹੀਂ ਸਿੱਖਿਆ ਅਤੇ ਦੇਸ਼ ਵਿਚ ਸਿਹਤ ਸੇਵਾਵਾਂ ਅਤੇ ਸਮਾਜਿਕ ਸੁਰੱਖਿਆ ਦੀ ਸਥਿਤੀ ਅਜੇ ਵੀ ਉਹੀ ਹੈ ਜੋ ਪਿਛਲੇ ਸਾਲ ਸੀ। ਪਰਵਾਸੀ ਮਜ਼ਦੂਰਾਂ ਨੂੰ ਪੈਦਲ ਚੱਲਣਾ ਪੈ ਸਕਦਾ ਹੈ ਅਤੇ ਕਿਸਾਨਾਂ ਦੀਆਂ ਫਸਲਾਂ ਵੀ ਬਰਬਾਦ ਹੋ ਸਕਦੀਆਂ ਹਨ, ਪਰ ਇਸ ਵਾਰ ਕਿਸਾਨ ਸਰਕਾਰ ਦੇ ਜ਼ੁਲਮ ਅਤੇ ਸ਼ੋਸ਼ਿਤ- ਨਿਰਦੇਸ਼ਾਂ ਨੂੰ ਸਹਿਣ ਕਰਨ ਦੀ ਬਜਾਏ ਸੰਘਰਸ਼ ਕਰਨਗੇ। ਫਿਲਹਾਲ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਨੂੰ ਸਵੀਕਾਰ ਕਰੇ ਅਤੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਕੋਰੋਨਾ ਮਹਾਂਮਾਰੀ ਕਾਬੂ ਕਰਨ 'ਚ ਧਿਆਨ ਦੇਵੇ।

# ਕਿਸਾਨ ਮੋਰਚਿਆਂ 'ਚ ਮਨਾਇਆ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਵਾਂ ਪ੍ਰਕਾਸ਼-ਦਿਹਾੜਾ

## ਜ਼ਬਰ-ਜ਼ੁਲਮ ਖ਼ਿਲਾਫ਼ ਕੁਰਬਾਨੀਆਂ ਭਰੇ ਇਤਿਹਾਸਕ ਵਿਰਸੇ ਤੋਂ ਪ੍ਰੇਰਨਾ ਲੈਣ ਦਾ ਅਹਿਦ





ਸਿੰਘੁ ਬਾਰਡਰ (ਦਿੱਲੀ )/ ਭਵਨਦੀਪ ਸਿੰਘ ਪੁਰਬਾ/ ਵੈੱਬ ਡੈਸਕ

ਸੰਯੁਕਤ ਕਿਸਾਨ ਮੋਰਚੇ ਦੇ 155ਵੇਂ ਦਿਨ ਦਿੱਲੀ ਦੇ ਕਿਸਾਨ-ਮੋਰਚਿਆਂ 'ਚ ਸਿੱਖ ਧਰਮ ਦੇ 9 ਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਦਾ 400 ਵਾਂ ਪ੍ਰਕਾਸ਼-ਦਿਹਾੜਾ ਮਨਾਇਆ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਗੁਰੂਆਂ ਅਤੇ ਸ਼ਹੀਦਾਂ ਦੀਆਂ ਕੁਰਬਾਨੀ ਤੋਂ ਪ੍ਰੇਰਿਤ ਕਿਸਾਨ ਇੰਨਾ ਜ਼ੋਰਦਾਰ ਸੰਘਰਸ਼ ਲੜ ਰਹੇ ਹਨ। ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਲਈ ਆਪਣੀ ਕੁਰਬਾਨੀ ਦਿੱਤੀ। ਗੁਰੂ ਜੀ ਨੇ ਨਿਡਰਤਾ ਨਾਲ ਹੁਕੂਮਤ ਦੁਆਰਾ ਕੀਤੇ ਜਾ ਰਹੇ ਸ਼ੋਸ਼ਣ ਵਿਰੁੱਧ ਲੜਾਈ ਛੇੜੀ, ਜੋ ਕਿ ਅੱਜ ਵੀ ਲੋਕ ਲੜ ਰਹੇ ਹਨ ਅਤੇ ਨਿਰੰਤਰ ਜਿੱਤਦੇ ਆ ਰਹੇ ਹਨ।

ਦਿੱਲੀ ਮੋਰਚੇ ਨੂੰ 5 ਮਹੀਨਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਕੇਂਦਰ ਸਰਕਾਰ ਜ਼ਬਰਦਸਤੀ ਕਿਸਾਨਾਂ 'ਤੇ ਕਾਨੂੰਨ ਥੋਪ ਰਹੀ ਹੈ। ਸਮੂਹ ਕਿਰਤੀ ਲੋਕ ਇਸ ਸ਼ੋਸ਼ਣ ਵਿਰੁੱਧ ਲੜ ਰਹੇ ਹਨ। ਕਿਸਾਨਾਂ ਤੋਂ ਇਲਾਵਾ ਕਿਸਾਨਾਂ ਦੀ ਇਸ ਲੜਾਈ ਵਿਚ ਹਰ ਵਰਗ ਦੀ ਸ਼ਮੂਲੀਅਤ ਦਾ ਕਾਰਨ ਗੁਰੂ ਤੇਗ ਬਹਾਦਰ ਜੀ ਅਤੇ ਹੋਰ ਸ਼ਹੀਦਾਂ ਦੀ ਪ੍ਰੇਰਣਾ ਵੀ ਹੈ। ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇ ਵਾਲੇ ਸਮਾਗਮ ਵਿੱਚ ਕਿਸਾਨ ਆਗੂਆਂ ਸਮੇਤ ਧਾਰਮਿਕ ਸੰਗਠਨਾਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਮੋਰਚਿਆਂ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਆਗੂਆਂ ਦਾ ਕਹਿਣਾ ਹੈ ਕਿ ਜਿੰਨਾ ਚਿਰ ਜ਼ੁਲਮ ਹੋਏਗਾ ਉਹ ਜ਼ੁਲਮਾਂ ਵਿਰੁੱਧ ਲੜਦੇ ਰਹਿਣਗੇ।

ਜਿਵੇਂ ਕਿ ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਮਜ਼ਦੂਰ ਯੂਨੀਅਨਾਂ ਦੀ ਸਾਂਝੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ 1 ਮਈ ਨੂੰ ਮਜ਼ਦੂਰ ਕਿਸਾਨ ਏਕਤਾ ਦਿਵਸ ਵਜੋਂ ਮਈ ਦਿਵਸ ਨੂੰ ਮਨਾਇਆ ਜਾਵੇਗਾ। ਤਿੰਨ ਖੇਤੀਬਾੜੀ ਕਾਨੂੰਨ ਮਜ਼ਦੂਰਾਂ ਨੂੰ ਵੀ ਪ੍ਰਭਾਵਤ ਕਰਨਗੇ, ਇਸ ਲਈ ਮਜ਼ਦੂਰ ਵੀ ਇਸ ਸੰਘਰਸ਼ ਵਿੱਚ ਮੋਢੇ ਨਾਲ ਮੋਢਾ ਜੋੜਕੇ ਸੰਘਰਸ਼ ਲੜ ਰਹੇ ਹਨ। ਇਸ ਦੇ ਨਾਲ ਹੀ ਕਿਸਾਨ ਕੇਂਦਰ ਸਰਕਾਰ ਵੱਲੋਂ ਲਿਆਂਦੇ ਲੇਬਰ ਕੋਡ ਵਿਰੁੱਧ ਵੀ ਲਾਮਬੰਦ ਹੋ ਰਹੇ ਹਨ। ਕੱਲ੍ਹ ਸਾਰੇ ਮੋਰਚਿਆਂ 'ਤੇ ਮਜ਼ਦੂਰ ਸਰਕਾਰ ਨੂੰ ਸਖਤ ਚੁਣੌਤੀ ਦੇਣਗੇ।

ਅੱਜ ਸਮਾਗਮ ਮੌਕੇ ਅਭਿਮਨਯੁ ਕੋਹਾੜ, ਬਲਵੀਰ ਸਿੰਘ ਰਾਜੇਵਾਲ, ਡਾ: ਦਰਸ਼ਨ ਪਾਲ, ਗੁਰਨਾਮ ਸਿੰਘ ਚਢੂਨੀ, ਹਨਨ ਮੌਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਯੁੱਧਵੀਰ ਸਿੰਘ, ਯੋਗੇਂਦਰ ਯਾਦਵ ਆਦਿ ਤੋਂ ਇਲਾਵਾ ਅਣਗਿਣਤ ਕਿਸਾਨ ਆਗੂ ਅਤੇ ਸੰਗਤਾਂ ਹਾਜਰ ਸਨ।




# ਵੋਟਰਾਂ ਨੇ ਭਾਜਪਾ ਦੀ ਫਿਰਕਾਪ੍ਰਸਤੀ ਅਤੇ ਅਨੈਤਿਕ ਰਾਜਨੀਤੀ ਅਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਰੋਹ ਪ੍ਰਗਟਾਇਆ

## ਭਾਜਪਾ ਦੇ ਮੁਕੰਮਲ ਬਾਈਕਾਟ ਨੂੰ ਮਿਲਿਆ ਹੁੰਗਾਰਾ, ਕਿਸਾਨ ਆਗੂਆਂ ਵੱਲੋਂ ਲੋਕਾਂ ਦਾ ਗੂੜ੍ਹਾ ਧੰਨਵਾਦ



ਸਿੰਘੁ ਬਾਰਡਰ (ਦਿੱਲੀ )/ ਭਵਨਦੀਪ ਸਿੰਘ ਪੁਰਬਾ/ ਵੈੱਬ ਡੈਸਕ

ਸੰਯੁਕਤ ਕਿਸਾਨ ਮੋਰਚੇ ਨੇ ਵੱਖ-ਵੱਖ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਖਿਲਾਫ ਦਿੱਤੇ ਫਤਵੇ ਦਾ ਸਵਾਗਤ ਕੀਤਾ ਹੈ। ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਕੇਰਲ ਵਿਚ ਇਹ ਸਪੱਸ਼ਟ ਹੈ ਕਿ ਜਨਤਾ ਨੇ ਭਾਜਪਾ ਦੀ ਫੁੱਟ ਪਾਉਣ ਵਾਲੀ ਫਿਰਕੂ ਰਾਜਨੀਤੀ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਕਰੋਨਾ ਦੇ ਗੰਭੀਰ ਸੰਕਟ ਦੇ ਸਮੇਂ ਜਦੋਂ ਦੇਸ਼ ਸਿਹਤ ਸੰਭਾਲ ਦੇ ਬੁਨਿਆਦੀ ਢਾਂਚੇ ਦੇ ਮਾਮਲੇ 'ਚ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਲੋਕ ਕੇਂਦਰ ਸਰਕਾਰ ਦੀ ਘੋਰ ਅਣਗਹਿਲੀ ਦਾ ਸਾਹਮਣਾ ਕਰ ਰਹੇ ਹਨ, ਲੋਕਾਂ ਨੂੰ ਇੱਕ ਵੱਡੇ ਰੋਜ਼ੀ-ਰੋਟੀ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਵੇਲੇ ਭਾਜਪਾ ਨੇ ਆਪਣਾ ਫਿਰਕੂ ਧਰੁਵੀਕਰਨ ਏਜੰਡਾ ਫੈਲਾਉਣ ਦੀ ਕੋਸ਼ਿਸ਼ ਕੀਤੀ। ਭਾਜਪਾ ਨੇ ਸੰਸਥਾਗਤ ਹਮਲਿਆਂ ਅਤੇ ਚੋਣ ਕਮਿਸ਼ਨ ਦੀ ਮਿਲੀਭੁਗਤ ਨਾਲ ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ। ਚੋਣ ਕਮਿਸ਼ਨ ਦੀ ਅਨੈਤਿਕ ਅਤੇ ਗੈਰ ਕਾਨੂੰਨੀ ਸਹਾਇਤਾ ਅਤੇ ਚੋਣ ਮੁਹਿੰਮਾਂ ਵਿਚ ਵੱਡੇ ਸਰੋਤਾਂ ਦੇ ਖਰਚੇ ਦੇ ਬਾਵਜੂਦ, ਇਨ੍ਹਾਂ ਰਾਜਾਂ ਵਿਚ ਭਾਜਪਾ ਦੀ ਹਾਰ ਦਰਸਾਉਂਦੀ ਹੈ ਕਿ ਨਾਗਰਿਕਾਂ ਨੇ ਭਾਜਪਾ ਅਤੇ ਇਸ ਦੇ ਸਹਿਯੋਗੀ ਪਾਰਟੀਆਂ ਦੇ ਇਸ ਏਜੰਡੇ ਨੂੰ ਰੱਦ ਕਰ ਦਿੱਤਾ ਹੈ।

"ਮੁਜ਼ਾਹਰਾਕਾਰੀ ਕਿਸਾਨ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਕਿ ਭਾਜਪਾ ਦਾ ਫਿਰਕੂ ਧਰੁਵੀਕਰਨ ਏਜੰਡਾ ਅਸਵੀਕਾਰਨ ਯੋਗ ਹੈ। ਰੋਜ਼ੀ ਰੋਟੀ ਅਤੇ ਅਜੀਵੀਕਾ ਦੇ ਨਾਲ ਨਾਲ ਇਹ ਦੇਸ਼ ਦੀ ਧਰਮ ਨਿਰਪੱਖਤਾ ਦੀ ਰਾਖੀ ਲਈ ਨਾਗਰਿਕਾਂ ਦਾ ਸਾਂਝਾ ਸੰਘਰਸ਼ ਹੈ। ਭਾਜਪਾ ਦਾ ਇਹ ਏਜੰਡਾ ਪੂਰੀ ਤਰ੍ਹਾਂ ਅਸਫਲ ਹੋ ਗਿਆ ਹੈ ਜਿਸ ਵਿੱਚ ਉਨ੍ਹਾਂ ਨੇ ਨਾਗਰਿਕਾਂ ਦੀ ਰੋਜ਼ੀ-ਰੋਟੀ ਦੇ ਮੁੱਦੇ ਨਹੀਂ ਬਣਾਏ। ਕਿਸਾਨ ਵਿਰੋਧੀ ਕੇਂਦਰੀ ਖੇਤੀਬਾੜੀ ਕਾਨੂੰਨਾਂ ਅਤੇ ਮਜ਼ਦੂਰ ਵਿਰੋਧੀ ਕੋਡ ਖ਼ਿਲਾਫ਼ ਆਪਣਾ ਵਿਰੋਧ ਪ੍ਰਗਟਾਉਣ ਲਈ ਅਸੀਂ ਬੰਗਾਲ ਅਤੇ ਹੋਰ ਰਾਜਾਂ ਦੇ ਨਾਗਰਿਕਾਂ ਨੂੰ ਵਧਾਈ ਦਿੰਦੇ ਹਾਂ। ਹੁਣ ਅਸੀਂ ਭਾਰਤ ਭਰ ਦੇ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣਾ ਵਿਰੋਧ ਵਧਾਉਣ, ਅਤੇ ਵੱਡੀ ਗਿਣਤੀ ਵਿੱਚ ਅੰਦੋਲਨ ਵਿੱਚ ਸ਼ਾਮਲ ਹੋਣ। ਇਹ ਲਹਿਰ ਸਾਡੇ ਜਮਹੂਰੀਅਤ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਦੀ ਰਹੇਗੀ, ਜੋ ਸਾਡੇ ਸੰਵਿਧਾਨ ਦੀ ਰਾਖੀ ਕਰੇਗੀ ਅਤੇ ਇਸਦੇ ਉਦੇਸ਼ਾਂ ਨੂੰ ਪੂਰਾ ਕਰੇਗੀ।

ਹੁਣ ਭਾਜਪਾ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅੱਜ ਦੇ ਨਤੀਜਿਆਂ ਨੂੰ ਸਵੀਕਾਰ ਕਰੇ। ਨਾਲ ਹੀ ਕਿਸਾਨਾਂ ਨਾਲ ਗੱਲਬਾਤ ਕਰਕੇ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰੇ ਅਤੇ ਐਮਐਸਪੀ ਨੂੰ ਕਾਨੂੰਨੀ ਗਰੰਟੀ ਦੇਵੇ। ਅਸੀਂ ਇਕ ਵਾਰ ਫਿਰ ਸਪੱਸ਼ਟ ਕਰ ਰਹੇ ਹਾਂ ਕਿ ਕਿਸਾਨਾਂ ਦਾ ਇਹ ਅੰਦੋਲਨ ਉਦੋਂ ਤੱਕ ਖਤਮ ਨਹੀਂ ਹੋਵੇਗਾ ਜਦੋਂ ਤੱਕ ਮੰਗਾਂ 'ਤੇ ਸਹਿਮਤੀ ਨਹੀਂ ਬਣ ਜਾਂਦੀ। ਇਸ ਦੇ ਨਾਲ ਹੀ ਭਾਜਪਾ ਅਤੇ ਇਸ ਦੇ ਸਹਿਯੋਗੀ ਪਾਰਟੀਆਂ ਦਾ ਬਾਈਕਾਟ ਵੀ ਜਾਰੀ ਰਹੇਗਾ। ਸੰਯੁਕਤ ਕਿਸਾਨ ਮੋਰਚਾ ਦੀ 9 ਮੈਂਬਰੀ ਕੋਰ ਕਮੇਟੀ ਨੇ ਨੌਜਵਾਨ ਕਾਰਕੁਨ ਮੋਮਿਤਾ ਬਾਸੂ ਦੇ ਅਚਾਨਕ ਦੇਹਾਂਤ 'ਤੇ ਸ਼ੋਕ ਪ੍ਰਗਟ ਕੀਤਾ ਹੈ। ਪੱਛਮੀ ਬੰਗਾਲ ਤੋਂ ਕਿਸਾਨਾਂ ਦੇ ਧਰਨੇ 'ਤੇ ਆਈ ਮੋਮਿਤਾ ਕਿਸਾਨੀ ਮੋਰਚਿਆਂ' ਤੇ ਸਰਗਰਮੀ ਨਾਲ ਮੌਜੂਦ ਸੀ। ਉਨ੍ਹਾਂ ਦੀ ਕੁਰਬਾਨੀ ਨੂੰ ਕਿਸਾਨ ਸੰਘਰਸ਼ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਕਰੋਨਾ ਦੇ ਨਾਂਅ ਹੇਠ ਮੜ੍ਹੀਆਂ ਜਾ ਰਹੀਆਂ ਪਾਬੰਦੀਆਂ ਅਤੇ ਕਿਸਾਨਾਂ 'ਤੇ ਪਰਚੇ ਦਰਜ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਆਗੂਆਂ ਨੇ ਕਿਹਾ ਕਿ ਨੂਰਪੁਰ-ਬੇਦੀ (ਰੋਪੜ) 'ਚ ਹੋਈ ਕਿਸਾਨ-ਕਾਨਫਰੰਸ ਉਪਰੰਤ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਸਾਥੀ ਰਣਵੀਰ ਸਿੰਘ ਰੰਧਾਵਾ, ਸੂਬਾਈ ਸੀਨੀਅਰ ਮੀਤ ਪ੍ਰਧਾਨ ਹਰਦੀਪ ਕੌਰ ਕੋਟਲਾ, ਕਿਰਤੀ ਕਿਸਾਨ ਮੋਰਚਾ ਦੇ ਆਗੂ ਬੀਰ ਸਿੰਘ, ਜਗਮਨਦੀਪ ਸਿੰਘ ਪੜ੍ਹੀ, ਰੁਪਿੰਦਰ ਸੰਦੋਆ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਆਗੂ ਤਰਸੇਮ ਸਿੰਘ ਜੱਟਪੁਰ ਅਤੇ ਗਾਇਕ ਪੰਮਾ ਡੂਮੇਵਾਲ ਖਿਲਾਫ਼ ਪੰਜਾਬ ਪੁਲਸ ਨੂਰਪੁਰਬੇਦੀ (ਰੋਪੜ) ਵੱਲੋਂ ਪਰਚਾ ਦਰਜ਼ ਕੀਤਾ ਗਿਆ ਹੈ। ਜਦੋਂਕਿ ਕੁੱਝ ਦਿਨ ਪਹਿਲਾਂ ਮੋਗਾ ਪੁਲਿਸ ਵੱਲੋਂ ਨੌਜਵਾਨ ਕਿਸਾਨ ਆਗੂਆਂ ਸੁਖਜਿੰਦਰ ਮਹੇਸ਼ਰੀ ਅਤੇ ਵਿੱਕੀ ਮਹੇਸ਼ਰੀ 'ਤੇ ਵੀ ਪਰਚਾ ਦਰਜ਼ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ। ਪੰਜਾਬ ਸਰਕਾਰ ਲੋਕ-ਸੰਘਰਸ਼ਾਂ 'ਤੇ ਪਾਬੰਦੀਆਂ ਮੜ੍ਹਨੀਆਂ ਤੁਰੰਤ ਬੰਦ ਕਰੇ ਅਤੇ ਨੌਜਵਾਨ ਕਿਸਾਨ ਆਗੂਆਂ 'ਤੇ ਦਰਜ਼ ਕੀਤੇ ਪਰਚੇ ਤੁਰੰਤ ਰੱਦ ਕਰੇ। ਨਹੀਂ ਤਾਂ ਇਹਨਾਂ ਕਾਰਵਾਈਆਂ ਖ਼ਿਲਾਫ਼ ਸੰਘਰਸ਼ ਉਲੀਕਿਆ ਜਾਵੇਗਾ।



# ਦਿੱਲੀ ਦੇ ਮੋਰਚਿਆਂ 'ਚ ਕਿਸਾਨ-ਮਜ਼ਦੂਰ ਏਕਤਾ ਦਿਵਸ ਵਜੋਂ ਮਨਾਇਆ ਗਿਆ ਮਈ ਦਿਹਾੜਾ

## ਤਿੰਨ ਖੇਤੀ-ਕਾਨੂੰਨ ਅਤੇ ਲੇਬਰ ਕੋਡ ਰੱਦ ਕਰਵਾਉਣ ਲਈ ਇੱਕਜੁੱਟਤਾ ਦਾ ਪ੍ਰਗਟਾਵਾ

ਸਿੰਘੁ ਬਾਰਡਰ (ਦਿੱਲੀ )/ ਭਵਨਦੀਪ ਸਿੰਘ ਪੁਰਬਾ/ ਵੈੱਬ ਡੈਸਕ

ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਸੱਦੇ 'ਤੇ ਕੌਮਾਂਤਰੀ ਮਜ਼ਦੂਰ ਦਿਵਸ ਨੂੰ "ਮਜ਼ਦੂਰ ਕਿਸਾਨ ਏਕਤਾ ਦਿਵਸ" ਵਜੋਂ ਮਨਾਇਆ ਗਿਆ। ਹਜ਼ਾਰਾਂ ਮਜ਼ਦੂਰਾਂ ਨੇ ਦਿੱਲੀ ਦੇ ਮੋਰਚਿਆਂ 'ਤੇ ਪਹੁੰਚ ਕੇ ਕਿਸਾਨ ਅੰਦੋਲਨ ਅਤੇ ਮੰਗਾਂ ਦਾ ਸਮਰਥਨ ਕੀਤਾ। ਕੇਂਦਰੀ ਟਰੇਡ ਯੂਨੀਅਨਾਂ ਤੋਂ ਲੈ ਕੇ ਸਥਾਨਕ ਮਜਦੂਰ ਜਥੇਬੰਦੀਆਂ ਦੇ ਆਗੂਆਂ ਨੇ ਮੰਚ ਤੋਂ ਸੰਬੋਧਨ ਕੀਤਾ।

ਕਿਸਾਨ-ਮਜ਼ਦੂਰ ਆਗੂਆਂ ਨੇ ਕਿਹਾ ਕਿ ਕੋਰੋਨਾ ਦੀ ਆੜ ਵਿੱਚ ਕੇਂਦਰ ਸਰਕਾਰ ਨੇ ਕਿਸਾਨਾਂ-ਮਜ਼ਦੂਰਾਂ 'ਤੇ ਜ਼ਬਰੀ ਨਵੇਂ ਕਾਨੂੰਨ ਥੋਪੇ ਹਨ। ਜਿਸ ਸਮੇਂ ਦੇਸ਼ ਇੱਕ ਮਹਾਂਮਾਰੀ ਤੋਂ ਲੰਘ ਰਿਹਾ ਹੈ, ਉਸ ਸਮੇਂ ਸਰਕਾਰ ਲੋਕਾਂ 'ਤੇ ਮਾਰੂ ਨੀਤੀਆਂ ਲਾਗੂ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਭਾਜਪਾ ਅਤੇ ਸਹਿਯੋਗੀ ਪਾਰਟੀਆਂ ਨੇ ਮਜ਼ਦੂਰਾਂ ਅਤੇ ਕਿਸਾਨਾਂ 'ਚ ਫੁੱਟ ਪਾਉਣ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ, ਪਰ ਨਾਕਾਮਯਾਬ ਰਹੇ। ਕੇਂਦਰੀ ਟਰੇਡ ਯੂਨੀਅਨਾਂ ਦੇ ਆਗੂਆਂ ਨੇ ਕਿਹਾ ਕਿ ਅੱਜ ਸਰਕਾਰੀ ਮਸ਼ੀਨਰੀ ਕੋਰੋਨਾ ਮਹਾਂਮਾਰੀ ਵਿੱਚ ਫੈਲੀ ਇਸ ਸਰਕਾਰ ਦੀ ਅਸਫਲਤਾ ਨੂੰ ਦਰਸਾਉਂਦੀ ਹੈ। ਟੀਕਾਕਰਣ ਅਤੇ ਹੋਰ ਡਾਕਟਰੀ ਸੇਵਾਵਾਂ ਲਈ ਮਜ਼ਦੂਰਾਂ ਅਤੇ ਗਰੀਬਾਂ ਨੂੰ ਪ੍ਰੇਸ਼ਾਨ ਹੋਣਾ ਪੈ ਰਿਹਾ ਹੈ। ਸਰਕਾਰ ਨੂੰ ਨਿੱਜੀਕਰਨ ਅਤੇ ਕਾਰਪੋਰੇਟਾਈਜ਼ੇਸ਼ਨ ਰੋਕਣਾ ਚਾਹੀਦਾ ਹੈ ਅਤੇ ਸਰਕਾਰੀ ਅਦਾਰਿਆਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ।




ਲੇਬਰ ਕੋਡ ਅਤੇ ਖੇਤੀ ਕਾਨੂੰਨਾਂ 'ਤੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਜ਼ਰੂਰੀ ਵਸਤੂ ਸੋਧ ਐਕਟ ਮਜ਼ਦੂਰਾਂ ਦੀ ਰੋਜ਼ੀ ਰੋਟੀ' ਤੇ ਸਿੱਧਾ ਅਤੇ ਤਿੱਖਾ ਹਮਲਾ ਹੈ। ਮਜ਼ਦੂਰਾਂ ਦਾ ਭਵਿੱਖ ਨਿੱਜੀ ਖੇਤਰ ਦੇ ਹੱਥਾਂ ਵਿੱਚ ਜਾਵੇਗਾ। ਇਸ ਦੇ ਨਾਲ ਹੀ ਮੰਡੀ ਕਾਨੂੰਨ ਅਤੇ ਠੇਕਾ ਕਾਨੂੰਨ ਵੀ ਮਜ਼ਦੂਰਾਂ ਦੀ ਸ਼ੋਸ਼ਣ ਨੂੰ ਵਧਾਏਗਾ ਅਤੇ ਰੁਜ਼ਗਾਰ ਦੇ ਮੌਕੇ ਘੱਟ ਕਰੇਗਾ। ਸੰਯੁਕਤ ਕਿਸਾਨ ਮੋਰਚਾ ਸਾਰੇ ਮਜ਼ਦੂਰਾਂ, ਕਿਸਾਨਾਂ ਅਤੇ ਆਮ ਨਾਗਰਿਕਾਂ ਨੂੰ ਅੱਜ ਦੇ "ਮਜ਼ਦੂਰ ਕਿਸਾਨ ਏਕਤਾ ਦਿਵਸ" ਦੀ ਸਫਲ ਸੰਸਥਾ ਲਈ ਵਧਾਈ ਦਿੰਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਕੱਠੇ ਹੋ ਕੇ ਲੜਨ ਦੀ ਉਮੀਦ ਕਰਦਾ ਹੈ।

ਸਮਾਗਮ ਮੌਕੇ ਅਭਿਮਨਯੁ ਕੋਹਾੜ, ਬਲਵੀਰ ਸਿੰਘ ਰਾਜੇਵਾਲ, ਡਾ: ਦਰਸ਼ਨ ਪਾਲ, ਗੁਰਨਾਮ ਸਿੰਘ ਚਢੂਨੀ, ਹਨਨ ਮੌਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਯੁੱਧਵੀਰ ਸਿੰਘ, ਯੋਗੇਂਦਰ ਯਾਦਵ ਆਦਿ ਤੋਂ ਇਲਾਵਾ ਅਣਗਿਣਤ ਕਿਸਾਨ ਆਗੂ ਹਾਜਰ ਸਨ।

## ਲੇਖਕ ਸਹਿਬਾਨ ਨੋਟ ਕਰਨ

ਮਹਿਕ ਵਤਨ ਦੀ ਲਾਈਵ ਵੱਲੋਂ ਵੈਬਸਾਈਟ ਐਡੀਸ਼ਨ ਤੇ

**ਖੇਤੀ ਬਾੜੀ ਅਤੇ ਸਿਖਿਆ ਸੰਸਾਰ**

ਕਾਲਮ ਸ਼ੁਰੂ ਕੀਤਾ ਗਿਆ ਹੈ।

ਖੇਤੀ ਬਾੜੀ ਅਤੇ ਸਿਖਿਆ ਸੰਸਾਰ ਨਾਲ ਸਬੰਧਤ ਮੈਟਰ ਹੇਠ ਦਿੱਤੇ ਈ-ਮੇਲ ਅਡਰੈਸ ਤੇ ਭੇਜ ਸਕਦੇ ਹੋ।

chief_editor@mehakwatandilive.com

or mehakwattandi@rediffmail.com

Scanned with CamScanner




# ਸੋਹਣਾ ਤੇ ਸਸਤਾ ਦੇਸ਼ ਸਵੀਡਨ

**ਸਵੀਡਨ ਜਾਣ ਆਉਣ ਦਾ ਟੌਲ ਟੈਕਸ ਵੀ ਜ਼ਿਆਦਾ ਨਹੀਂ ਸਗੋਂ ਤਕਰੀਬਨ 200 ਕਰੋਨੇ ਹੀ ਪੈਂਦਾ ਹੈ। ਨੌਰਵੀਯੀਅਨ ਲੋਕ ਸਵੀਡਨ ਤੋਂ ਸਾਲ-ਛਿਮਾਹੀ ਤਕ ਦੇ ਸੌਦੇ-ਸਾਮਾਨ ਲੋੜ ਮੁਤਾਬਕ ਖਰੀਦ ਕੇ ਰੱਖ ਲੈਂਦੇ ਹਨ। ਅੰਕੜੇ ਦੱਸਦੇ ਹਨ ਕਿ 2011 ਵਿੱਚ ਨੌਰਵੇ ਵੱਲੋਂ ਸਵੀਡਨ ਤੋਂ 11.5 ਬਿਲੀਅਨ ਕਰੋਨੇ ਦੀ ਖਰੀਦ ਕੀਤੀ ਗਈ ਜੋ ਭਾਰਤੀ 11,300 ਕਰੋੜ ਦੀ ਰਕਮ ਬਣਦੀ ਹੈ। ਬੱਚਿਆਂ ਅਤੇ ਸੈਲਾਨੀਆਂ ਨੂੰ ਹੀ ਨਹੀਂ ਸਗੋਂ ਨੌਰਵੇ ਵਾਲਿਆਂ ਨੂੰ ਵੀ ਮਿੱਠਾ ਪਿਆਰਾ ਲੱਗਦਾ ਹੈ ਇਹ ਮਿੱਠੀਆਂ ਸੋਹਣੀਆਂ ਤਰ੍ਹਾਂ-ਤਰ੍ਹਾਂ ਦੀਆਂ ਟੌਫੀਆਂ ਵਾਲਾ ਦੇਸ਼ ਸਵੀਡਨ ।**

ਸਵੀਡਨ ਯੂਰਪ ਦਾ ਬੜਾ ਸੋਹਣਾ ਤੇ ਸਸਤਾ ਦੇਸ਼ ਹੈ। ਇਸ ਦਾ ਉੱਤਰ-ਪੂਰਬੀ ਭਾਗ ਫਿਨਲੈਂਡ, ਦੱਖਣੀ ਭਾਗ ਡੈਨਮਾਰਕ ਅਤੇ ਪੱਛਮੀ ਹਿੱਸਾ ਨੌਰਵੇ ਨਾਲ ਲੱਗਦਾ ਹੈ। ਸਵੀਡਨ ਦਾ ਖੇਤਰਫਲ 4,49,964 ਵਰਗ ਕਿਲੋਮੀਟਰ ਅਤੇ ਆਬਾਦੀ 95 ਲੱਖ ਦੇ ਕਰੀਬ ਹੈ। ਇਸ ਦੀ ਰਾਜਧਾਨੀ ਸਟਾਕਹੋਮ (Stockholm) ਹੈ। ਨੌਰਵੇ ਦੇ ਨਾਲ ਲੱਗਦਾ ਇਹ ਮੁਲਕ ਵੀ ਇਸ ਵਾਂਗ ਠੰਢਾ ਦੇਸ਼ ਹੈ।

ਦਰਮਨ ਤੋਂ ਸਵੀਡਨ ਦੀ ਸਰਹੱਦ 132 ਕਿਲੋਮੀਟਰ ਦੂਰ ਹੈ ਜੋ ਕਾਰ ਰਾਹੀਂ ਪੌਣੇ ਕੁ ਦੋ ਘੰਟੇ ਦਾ ਸਫ਼ਰ ਹੈ। ਇੱਕ ਰਸਤਾ ਸਮੁੰਦਰ ਵਿੱਚੋਂ ਸੁਰੰਗ ਰਾਹੀਂ ਵੀ ਜਾਂਦਾ ਹੈ ਜੋ ਦਰਮਨ ਤੋਂ 131 ਕਿਲੋਮੀਟਰ ਬਣਦਾ ਹੈ। ਸਮੁੰਦਰ ਵਿੱਚੋਂ ਲੰਘਦੀ ਇਹ ਸੁਰੰਗ 7 ਕਿਲੋਮੀਟਰ ਲੰਮੀ ਹੈ। ਸਮੁੰਦਰੀ ਸੁਰੰਗ 'ਚੋਂ ਗੁਜ਼ਰਨ ਦਾ ਅਹਿਸਾਸ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਜਾਪਦਾ। ਨੌਰਵੇ ਤੋਂ ਸਵੀਡਨ ਜਾਣ ਵਾਲੇ ਸੈਲਾਨੀ ਜਾਂ ਆਮ ਲੋਕ ਓਸਲੋ ਤੋਂ ਸਮੁੰਦਰੀ ਜਹਾਜ਼ ਵਿੱਚ ਵੀ ਜਾਂਦੇ ਹਨ। ਕਈ ਲੋਕ ਆਪਣੀ ਕਾਰ ਜਹਾਜ਼ ਵਿੱਚ ਨਾਲ ਲੈ ਜਾਂਦੇ ਹਨ ਤੇ ਸਵੀਡਨ ਜਾ ਕੇ ਆਪਣੀ ਕਾਰ 'ਤੇ ਘੁੰਮਦੇ ਹਨ। ਕਈ ਲੋਕ ਮੁੜਦੇ ਸਮੇਂ ਕਾਰ 'ਤੇ ਹੀ ਵਾਪਸ ਆ ਜਾਂਦੇ ਹਨ। ਦਰਮਨ ਤੋਂ ਸਵੀਡਨ ਜਾਂਦਿਆਂ ਰਾਹ ਵਿੱਚ ਨਾ ਕੋਈ ਚੈੱਕ ਪੋਸਟ ਤੇ ਨਾ ਹੀ ਟੌਲ ਟੈਕਸ ਵਾਲੇ ਦਿਸਦੇ ਹਨ ਪਰ ਇਹ ਵੱਖਰੀ ਗੱਲ ਹੈ ਕਿ ਚਾਰ-ਪੰਜ ਥਾਂ 'ਤੇ ਟੌਲ ਟੈਕਸ ਲਿਆ ਜਾਂਦਾ ਹੈ। ਇਨ੍ਹਾਂ ਲੋਕਾਂ ਦੀਆਂ ਕਾਰਾਂ ਵਿੱਚ ਅਗਲੇ ਸ਼ੀਸ਼ੇ 'ਤੇ ਇੱਕ ਚਿੱਪ ਜਾਂ ਕਾਰਡ ਲੱਗਿਆ ਹੁੰਦਾ ਹੈ ਜਿਸ ਵਿੱਚ ਹਜ਼ਾਰ-ਪੰਦਰਾਂ ਸੌ ਕਰੋਨਾ ਜਮ੍ਹਾਂ ਹੁੰਦਾ ਹੈ। ਟੌਲ ਟੈਕਸ ਤੋਂ ਲੰਘਦਿਆਂ ਵਿਸ਼ੇਸ਼ ਤਕਨੀਕ ਨਾਲ ਉੱਥੇ ਪੈਸੇ ਜਮ੍ਹਾਂ ਹੋ ਜਾਂਦੇ ਹਨ। ਇਸ ਢੰਗ ਨਾਲ ਕੱਟੇ ਜਾਂਦੇ ਪੈਸੇ ਉਨ੍ਹਾਂ ਲੋਕਾਂ ਨਾਲੋਂ ਘੱਟ ਲੱਗਦੇ ਹਨ ਜੋ ਇਨ੍ਹਾਂ ਥਾਵਾਂ 'ਤੇ ਲੱਗੀਆਂ ਮਸ਼ੀਨਾਂ 'ਚ ਪੈਸੇ ਪਾਉਂਦੇ ਹਨ। ਜੇ ਕਾਰਡ ਵਿੱਚ ਪੈਸੇ ਨਾ ਹੋਣ ਤਾਂ ਟੌਲ ਟੈਕਸ ਦਾ ਬਿੱਲ ਘਰ ਆ ਜਾਂਦਾ ਹੈ। ਸਾਰੇ ਰਸਤੇ ਵਿੱਚ ਕਿਤੇ ਕੋਈ ਪੁਲੀਸ ਜਾਂ ਟਰੈਫਿਕ ਪੁਲੀਸ ਵਾਲਾ ਨਹੀਂ ਦਿਸਦਾ, ਨਾ ਹੀ ਥਾਂ-ਥਾਂ 'ਤੇ ਰੋਕ ਕੇ ਕੋਈ ਪੁੱਛ-ਪੜਤਾਲ ਜਾਂ ਕਾਗਜ਼-ਪੱਤਰ ਜਾਂ ਪਾਸਪੋਰਟ ਦੇਖੇ ਜਾਂਦੇ ਹਨ।

ਕੁਝ ਸਮਾਂ ਪਹਿਲਾਂ ਨੌਰਵੇ ਦੀ ਹੱਦ ਤਕ ਸੜਕ 'ਤੇ ਪੀਲੇ ਰੰਗ ਦੀਆਂ ਪੱਟੀਆਂ ਸਨ ਤੇ ਸਵੀਡਨ ਵੱਲ ਸਫ਼ੈਦ ਪਰ ਹੁਣ ਨੌਰਵੇ ਦੀਆਂ ਸੜਕਾਂ 'ਤੇ ਵੀ ਸਫ਼ੈਦ ਪੱਟੀਆਂ ਹਨ। ਪਹਿਲਾਂ ਵੀ ਛੇਤੀ ਕੀਤਿਆਂ ਪਤਾ ਨਹੀਂ ਸੀ ਲੱਗਦਾ ਕਿ ਅਸੀਂ ਸਰਹੱਦ ਲੰਘ ਗਏ ਹਾਂ।

ਮੁਲਕ ਦਾ ਫ਼ਰਕ ਇਨ੍ਹਾਂ ਪੱਟੀਆਂ ਦੇ ਰੰਗ ਤੋਂ ਹੀ ਪਤਾ ਲੱਗਦਾ ਸੀ ਪਰ ਹੁਣ ਇਹ ਅੰਤਰ ਵੀ ਨਹੀਂ ਰਿਹਾ। ਹੁਣ ਤਾਂ 'ਸਵਿਨੇ ਸੁੰਦ' (Svine Sund) ਨਦੀ ਦੇ ਪੁਲ਼ ਉੱਤੇ ਪੁੱਜ ਕੇ ਹੀ ਪਤਾ ਲੱਗਦਾ ਹੈ ਕਿ ਅਸੀਂ ਸਵੀਡਨ 'ਚ ਆ ਵੜੇ ਹਾਂ ਜਾਂ ਵਾਪਸੀ 'ਤੇ ਨੌਰਵੇ ਆ ਵੜੇ ਹਾਂ। ਇਹ ਪੁਲ਼ 700 ਮੀਟਰ ਲੰਮਾ ਹੈ ਜੋ ਅੱਧਾ ਨੌਰਵੇ ਤੇ ਅੱਧਾ ਸਵੀਡਨ ਦਾ ਹੈ। ਸਵੀਡਨ ਦੀ ਹੱਦ 'ਤੇ ਵੜਨ 'ਤੇ ਜ਼ਰਾ ਪਾਸੇ ਹਟਵੇਂ ਕਸਟਮ ਵਾਲੇ ਹੁੰਦੇ ਹਨ ਜੋ ਕਿਸੇ ਨੂੰ ਬੇਵਜ੍ਹਾ ਨਹੀਂ ਰੋਕਦੇ। ਕਿਸੇ ਬਹੁਤ ਸ਼ੱਕੀ ਮਾਮਲੇ 'ਚ ਹੀ ਇਹ ਰੋਕਦੇ ਹਨ। ਜਿਨ੍ਹਾਂ ਲੋਕਾਂ ਨੇ ਕੁਝ ਕਸਟਮ ਦੇਣਾ ਹੁੰਦਾ ਹੈ, ਉਹ ਆਪ ਹੀ ਰੁਕ ਕੇ ਕਸਟਮ ਦੇ ਜਾਂਦੇ ਹਨ। ਇਹੋ ਕਾਰਨ ਹੈ ਕਿ ਆਉਣ-ਜਾਣ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਨੌਰਵੇ ਭਾਵੇਂ ਬਹੁਤ ਅਮੀਰ ਮੁਲਕ ਹੈ ਪਰ ਹਰ ਕੋਈ ਬੱਚਤ ਤਾਂ ਕਰਨੀ ਹੀ ਚਾਹੁੰਦਾ ਹੈ। ਨੌਰਵੇ ਵਿੱਚ ਸ਼ਰਾਬ, ਚੀਨੀ, ਟੌਫੀਆਂ-ਗੋਲੀਆਂ, ਤੰਬਾਕੂ ਤੇ ਸਿਗਰਟ 'ਤੇ ਬਹੁਤ ਟੈਕਸ ਹੈ। ਇੱਥੋਂ ਦੀ ਸਰਕਾਰ ਦੀ ਸੋਚ ਗਹਿਰ-ਗੰਭੀਰ ਹੈ ਕਿ ਇਹ ਚੀਜ਼ਾਂ ਸਿਹਤ ਲਈ ਬਹੁਤ ਹਾਨੀਕਾਰਕ ਹਨ, ਇਸ ਲਈ ਕੀਮਤ ਵਧਾ ਦਿੱਤੀ ਜਾਂਦੀ ਹੈ। ਸਵੀਡਨ ਵਿੱਚ ਇਨ੍ਹਾਂ ਵਸਤਾਂ 'ਤੇ ਬਹੁਤ ਹੀ ਘੱਟ ਟੈਕਸ ਹੈ ਤੇ ਉਂਜ ਵੀ ਨੌਰਵੇ ਨਾਲੋਂ ਸਸਤੀਆਂ ਪੈਂਦੀਆਂ ਹਨ ਕਿਉਂਕਿ ਨੌਰਵੇ ਦਾ 100 ਕਰੋਨਾ ਸਵੀਡਨ ਦੇ 116 ਕਰੋਨੇ ਦੇ ਬਰਾਬਰ ਹੈ, ਅਰਥਾਤ ਇਨ੍ਹਾਂ ਲੋਕਾਂ ਨੂੰ ਕਰੰਸੀ ਕਾਰਨ ਹੀ 16 ਫ਼ੀਸਦੀ ਸਸਤਾ ਪੈਣ ਵਾਲਾ ਸਾਮਾਨ ਬਿਨਾਂ ਟੈਕਸ ਜਾਂ ਮਾਮੂਲੀ ਟੈਕਸ ਕਾਰਨ ਬਹੁਤ ਘੱਟ ਕੀਮਤ 'ਤੇ ਮਿਲ ਜਾਂਦਾ ਹੈ। ਇੱਥੋਂ ਦੇ ਵਸਨੀਕਾਂ ਨੂੰ ਗੱਡੀ ਦੇ ਪੈਟਰੋਲ, ਟੌਲ ਟੈਕਸ ਤੇ ਆਪਣੇ ਖਾਣ-ਪੀਣ ਦੇ ਸਾਰੇ ਖਰਚੇ ਕੱਢ ਕੇ



ਵੀ ਸਵੀਡਨ ਤੋਂ ਖਰੀਦਦਾਰੀ ਕਰਨੀ ਬਹੁਤ ਲਾਹੇਵੰਦ ਰਹਿੰਦੀ ਹੈ।

ਨੌਰਵੀਯੀਅਨ ਲੋਕ ਛੁੱਟੀ ਵਾਲੇ ਦਿਨ ਸਵੀਡਨ ਘੁੰਮ-ਫਿਰ ਵੀ ਆਉਂਦੇ ਹਨ ਤੇ ਆਪਣੀ ਘਰੇਲੂ ਲੋੜ ਵਾਲਾ ਸਾਮਾਨ ਜਾਂ ਸੌਦਾ-ਪੱਤਾ ਖਰੀਦ ਲਿਆਉਂਦੇ ਹਨ। ਸਵੀਡਨ 'ਚ ਵੜਦਿਆਂ ਹੀ ਇੱਕ ਬਹੁਤ ਵੱਡੇ ਤੇ ਪ੍ਰਸਿੱਧ ਨੂਰਬੀ ਸ਼ਾਪਿੰਗ ਸੈਂਟਰ (Nordby Shopping Center) ਵਿੱਚ ਹਰ ਤਰ੍ਹਾਂ ਦਾ ਸਾਮਾਨ ਮਿਲਦਾ ਹੈ ਪਰ ਉੱਥੇ ਦੇਖਣਯੋਗ ਇੱਕ ਬਹੁਤ ਵਧੀਆ ਥਾਂ ਹੈ ਜਿੱਥੇ ਸਿਰਫ਼ ਬਹੁਤ ਤਰ੍ਹਾਂ ਦੀਆਂ ਟੌਫੀਆਂ-ਚੌਕਲੇਟ ਤੇ ਕੋਲਡ ਡਰਿੰਕਸ ਹੀ ਮਿਲਦੇ ਹਨ। ਇਸ ਸੈਂਟਰ ਵਿੱਚ ਟੌਫੀਆਂ ਬੱਚਿਆਂ ਦੇ ਨਾਲ-ਨਾਲ ਵੱਡਿਆਂ ਲਈ ਵੀ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀਆਂ ਹਨ। ਇੱਕ ਫੁੱਲ ਜਾਂ ਫਲ ਜਿਵੇਂ ਗੁਲਾਬ ਦਾ ਫੁੱਲ, ਚੈਰੀ, ਅਨਾਨਾਸ, ਅੰਬ, ਕੇਲਾ, ਸੰਤਰਾ, ਸਟਰਾਬਰੀ, ਸੇਬ ਤੇ ਕੀਵੀ ਆਦਿ ਦੀ ਸ਼ਕਲ ਜਾਂ ਮਾਡਲ ਤੋਂ ਲੈ ਕੇ ਜਾਨਵਰਾਂ ਤੇ ਪੰਛੀਆਂ ਦੀ ਸ਼ਕਲ ਦੀਆਂ ਟੌਫੀਆਂ ਵੀ ਮਿਲਦੀਆਂ ਹਨ। ਇਨ੍ਹਾਂ ਵਿੱਚ ਗੰਡੋਏ, ਡੱਡੂ, ਸੱਪ, ਮੱਛੀਆਂ ਤੇ ਮਗਰਮੱਛ ਆਦਿ ਜੀਵਾਂ ਵਾਲੇ ਰੰਗ-ਰੂਪ ਦੀਆਂ ਟੌਫੀਆਂ ਵੀ ਹੁੰਦੀਆਂ ਹਨ। ਇਨ੍ਹਾਂ ਟੌਫੀਆਂ ਵਿੱਚ ਖ਼ੂਬਸੂਰਤ ਤਿੱਤਲੀਆਂ ਵਰਗੀਆਂ ਟੌਫੀਆਂ ਵੀ ਸ਼ਾਮਲ ਹਨ। ਔਰਤ, ਮਰਦ ਤੇ ਬੱਚਿਆਂ ਦੀ ਸ਼ਕਲ ਵਾਲੀਆਂ ਟੌਫੀਆਂ ਦੇ ਖ਼ਾਸ ਤੌਰ 'ਤੇ ਪੈਕਟ ਬਣੇ ਹੁੰਦੇ ਹਨ। ਬਾਹਰੋਂ ਆਏ ਸੈਲਾਨੀ ਇੱਥੋਂ ਟੌਫੀਆਂ ਜ਼ਰੂਰ ਲੈ ਕੇ ਜਾਂਦੇ ਹਨ। ਨੌਰਵੇ ਦੇ ਲੋਕ ਇੱਥੋਂ ਟੌਫੀਆਂ ਲੈਂਦੇ ਹਨ ਪਰ ਇਨ੍ਹਾਂ ਲੋਕਾਂ ਨੇ ਇੱਕ ਆਦਤ ਅਸੂਲ ਵਾਂਗ ਬਣਾਈ ਹੋਈ ਹੈ ਕਿ ਇਹ ਸਿਰਫ਼ ਸ਼ਨਿੱਚਰਵਾਰ ਨੂੰ ਹੀ ਬੱਚਿਆਂ ਨੂੰ ਟੌਫੀਆਂ ਜਾਂ ਚੌਕਲੇਟ ਖਾਣ ਲਈ ਦਿੰਦੇ ਹਨ। ਸਕੂਲ ਵਿੱਚ ਟੌਫੀਆਂ ਜਾਂ ਚੌਕਲੇਟ ਲਿਜਾਣ ਦੀ ਸਖ਼ਤ ਮਨਾਹੀ ਹੈ। ਇਨ੍ਹਾਂ ਚੀਜ਼ਾਂ ਨਾਲੋਂ ਇਹ ਲੋਕ ਫਲ ਅਤੇ ਜੂਸ ਹੀ ਬੱਚਿਆਂ ਨੂੰ ਜ਼ਿਆਦਾ ਦਿੰਦੇ ਹਨ। ਉਹ ਵੱਖਰੀ ਗੱਲ ਹੈ ਕਿ ਇਸ ਥਾਂ ਤੋਂ ਕੋਈ ਵੀ ਨਾਂਹ-ਨਾਂਹ ਕਰਦਿਆਂ ਟੌਫੀਆਂ ਤੇ ਚੌਕਲੇਟ ਖਰੀਦ ਹੀ ਲੈਂਦਾ ਹੈ। ਇੱਕ ਵੱਖਰੀ ਕਿਸਮ ਦੀਆਂ ਟੌਫੀਆਂ ਪਹਿਲੀ ਨਜ਼ਰੇ ਪੰਜਾਬ ਦੀ ਖੋਏ ਦੀ ਬਰਫੀ ਦਾ ਭੁਲੇਖਾ ਪਾਉਂਦੀਆਂ ਹਨ। ਇਹ ਵੇਖਣ ਵਾਲੀ ਥਾਂ ਹੈ।

ਨੌਰਵੇ ਤੋਂ ਸਵੀਡਨ ਲਈ ਬੱਸਾਂ ਦੀ ਆਮ ਸਹੂਲਤ ਹੈ। ਇੱਥੋਂ ਦੀਆਂ ਔਰਤਾਂ ਬੱਸਾਂ 'ਤੇ ਜਾ ਕੇ ਵੀ ਸਵੀਡਨ ਤੋਂ ਖਰੀਦੋ-ਫਰੋਖਤ ਕਰ ਲਿਆਉਂਦੀਆਂ ਹਨ। ਲੋਕੀਂ ਸਵੀਡਨ ਤੋਂ ਸ਼ਰਾਬ, ਸਿਗਰਟ ਜਾਂ ਟੌਫੀਆਂ ਤੋਂ ਇਲਾਵਾ ਖਾਣ-ਪੀਣ ਵਾਲਾ ਬਹੁਤਾ ਸਾਮਾਨ ਵੀ ਖਰੀਦਦੇ ਹਨ। ਆਟਾ, ਚੀਨੀ, ਕੋਲਡ ਡਰਿੰਕ, ਜੂਸ, ਮੈਦਾ, ਬੇਸਣ, ਮੀਟ, ਸਬਜ਼ੀਆਂ ਤੇ ਜੈਮ ਆਦਿ ਵੀ ਇਹ ਲੋਕ ਸਵੀਡਨ ਤੋਂ ਲਿਆਉਂਦੇ ਹਨ। ਇਸ ਦਾ ਇੱਕ ਹੋਰ ਵੱਡਾ ਕਾਰਨ ਹੈ ਕਿ ਸਵੀਡਨ ਯੂਰਪੀਨ ਸੰਘ ਦਾ ਹਿੱਸਾ ਹੈ। ਇਸ ਸੰਘ ਵਿੱਚ 27 ਦੇਸ਼ ਹਨ ਜਿਨ੍ਹਾਂ ਵਿੱਚ ਜਰਮਨੀ, ਫਰਾਂਸ, ਇੰਗਲੈਂਡ ਅਤੇ ਡੈਨਮਾਰਕ ਆਦਿ ਸ਼ਾਮਲ ਹਨ। ਇਨ੍ਹਾਂ ਮੁਲਕਾਂ ਦਾ ਆਪਸੀ ਵਪਾਰਕ ਸਮਝੌਤਾ ਹੈ ਕਿ ਇਹ ਸਾਰੇ ਇੱਕ-ਦੂਜੇ ਮੁਲਕ ਵਿੱਚ ਆਪਣਾ ਸਾਮਾਨ ਖਰੀਦ ਤੇ ਵੇਚ ਸਕਦੇ ਹਨ। ਇਨ੍ਹਾਂ ਮੁਲਕਾਂ ਵਿੱਚ ਇੱਕ-ਦੂਜੇ ਦੇ ਸਾਮਾਨ 'ਤੇ ਕੋਈ ਕਸਟਮ ਨਹੀਂ ਲਗਾਇਆ ਜਾਂਦਾ। ਇਸ ਕਾਰਨ ਵੀ ਸਵੀਡਨ ਸਸਤਾ ਪੈਂਦਾ ਹੈ ਕਿਉਂਕਿ ਨੌਰਵੇ ਯੂਰਪੀਨ ਸੰਘ ਦਾ ਹਿੱਸਾ ਨਹੀਂ ਹੈ।

ਸਵੀਡਨ ਜਾਣ ਆਉਣ ਦਾ ਟੌਲ ਟੈਕਸ ਵੀ ਜ਼ਿਆਦਾ ਨਹੀਂ ਸਗੋਂ ਤਕਰੀਬਨ 200 ਕਰੋਨੇ ਹੀ ਪੈਂਦਾ ਹੈ। ਨੌਰਵੀਯੀਅਨ ਲੋਕ ਸਵੀਡਨ ਤੋਂ ਸਾਲ-ਛਿਮਾਹੀ ਤਕ ਦੇ ਸੌਦੇ-ਸਾਮਾਨ ਲੋੜ ਮੁਤਾਬਕ ਖਰੀਦ ਕੇ ਰੱਖ ਲੈਂਦੇ ਹਨ। ਅੰਕੜੇ ਦੱਸਦੇ ਹਨ ਕਿ 2011 ਵਿੱਚ ਨੌਰਵੇ ਵੱਲੋਂ ਸਵੀਡਨ ਤੋਂ 11.5 ਬਿਲੀਅਨ ਕਰੋਨੇ ਦੀ ਖਰੀਦ ਕੀਤੀ ਗਈ ਜੋ ਭਾਰਤੀ 11,300 ਕਰੋੜ ਦੀ ਰਕਮ ਬਣਦੀ ਹੈ। ਬੱਚਿਆਂ ਅਤੇ ਸੈਲਾਨੀਆਂ ਨੂੰ ਹੀ ਨਹੀਂ ਸਗੋਂ ਨੌਰਵੇ ਵਾਲਿਆਂ ਨੂੰ ਵੀ ਮਿੱਠਾ ਪਿਆਰਾ ਲੱਗਦਾ ਹੈ ਇਹ ਮਿੱਠੀਆਂ ਸੋਹਣੀਆਂ ਤਰ੍ਹਾਂ-ਤਰ੍ਹਾਂ ਦੀਆਂ ਟੌਫੀਆਂ ਵਾਲਾ ਦੇਸ਼ ਸਵੀਡਨ ।

**ਪਰਮਜੀਤ ਕੌਰ ਸਰਹਿੰਦ**
**ਮੋਬਾਈਲ: 98728-98599**

Scanned with CamScanner

ਮਹਿਕ ਵਤਨ ਦੀ 'Mehak Watan Di Live' ਲਾਈਵ
ਮਾਸਿਕ 'ਮਹਿਕ ਵਤਨ ਦੀ ਲਾਈਵ'
Monthly 'Mehak Watan Di Live'



## ਪੰਜਾਬੀ ਵਿਰਸਾ

# ਸਾਧਣੀ ਦੇ ਡੇਰੇ ਦੁਪਹਿਰੇ ਦੁੱਧ ਰਿੜਕੇ

ਹਰਪਿੰਦਰ ਰਾਣਾ

ਸਾਡੇ ਸੱਭਿਆਚਾਰ ਦੇ ਲੋਕ ਗੀਤਾਂ ਵਿਚਲੇ ਵਿਆਹ ਵਾਲਾ ਰੰਗ ਹੁਣ ਭਾਵੇਂ ਪੈਲੇਸ ਸੱਭਿਆਚਾਰ ਦੀ ਭੇਂਟ ਚੜ੍ਹ ਚੁੱਕਿਆ ਹੈ ਪ੍ਰੰਤੂ ਹਾਲੇ ਵੀ ਮਾਲਵੇ ਦੇ ਕਈ ਪਿੰਡਾਂ ਵਿਚ ਕੋਈ ਨਾ ਕੋਈ ਪੁਰਾਣੀ ਝਲਕ ਵੇਖਣ ਨੂੰ ਮਿਲ ਜਾਂਦੀ ਹੈ। ਜਦੋਂ ਔਰਤਾਂ ਬਾਰਾਤ ਨਾਲ ਨਹੀਂ ਸਨ ਜਾਂਦੀਆਂ ਤਾਂ ਬਾਰਾਤ ਢੁੱਕਣ ਤੋਂ ਬਾਅਦ ਖਾ ਪੀ ਕੇ ਵਿਹਲੀਆਂ ਹੋਈਆਂ ਨਾਨਕੀਆਂ ਸਾਧ-ਸਾਧਣੀ ਦਾ ਸਾਂਗ ਬਣਾ ਕੇ ਸਾਰੇ ਪਿੰਡ ਵਿਚ ਗੇੜਾ ਦਿੰਦੀਆਂ ਸਨ ਅਤੇ ਸ਼ਰੀਕੇ ਦੇ ਘਰਾਂ ਵਿਚ ਜਾਂਦੀਆਂ ਅਤੇ ਗਿੱਧਾਂ ਪਾ ਕੇ ਖ਼ੂਬ ਰੰਗ ਬੰਨ੍ਹ ਦਿੰਦੀਆਂ ਸਨ ਇਸ ਤਰ੍ਹਾਂ ਵਿਆਹ ਸਾਰੇ ਪਿੰਡ ਵਿਚ ਹੀ ਹੁੰਦਾ ਸੀ।

ਸਾਧ ਦਾ ਸਾਂਗ ਕਰਨ ਵਾਲੀ ਮੇਲਣ ਫੁਲਕਾਰੀ ਦੀ ਗਿਲਤੀ ਮਾਰ ਕੇ, ਨਕਲੀ ਦਾੜ੍ਹੀ-ਮੁੱਛਾਂ ਲਾ ਕੇ ਗਲ ਵਿਚ ਕੋਈ ਮਾਲਾ ਪਾ ਕੇ ਸਿਰ ਤੇ ਪੱਗ ਦਾ ਮੜ੍ਹਾਸਾ ਜਿਹਾ ਮਾਰ ਲੈਂਦੀ ਅਤੇ ਸਾਧਣੀ ਦਾ ਸਾਂਗ ਕਰਨ ਵਾਲੀ ਮੇਲਣ ਵੀ ਆਪਣੇ ਵਾਲ ਖੋਲ੍ਹ ਕੇ ਮੋਢਿਆਂ 'ਤੇ ਖਿਲਾਰ ਲੈਂਦੀ। ਉਵੇਂ ਹੀ ਫੁਲਕਾਰੀ ਦੀ ਗਿਲਤੀ ਜਿਹੀ ਮਾਰ ਲੈਂਦੀ ਅਤੇ ਹੱਥ ਵਿਚ ਚਿਮਟਾ ਚੁੱਕ ਲੈਂਦੀ। ਬਾਕੀ ਦੀਆਂ ਮੇਲਣਾ ਮਗਰ ਮਗਰ ਤੁਰ ਪੈਂਦੀਆਂ ਤੇ ਫਿਰ ਹੋ ਜਾਂਦਾ ਸ਼ੁਰੂ ਪੰਜਾਬੀ ਲੋਕ ਰੰਗ:-

**ਸਾਧ ਜਟੂਰੀਆਂ ਵਾਲੇ ਬਿੱਲੋ ਨੀ ਤੇਰੇ ਬਾਰ ਖੜ੍ਹੇ।**
**ਸਾਧਾਂ ਨੂੰ ਭਿੱਛਿਆ ਪਾ ਦੇ ਸਾਧੂ ਨੀ ਤੇਰੇ ਬਾਰ ਖੜ੍ਹੇ।**

ਬਾਕੀ ਮੇਲਣਾਂ ਗੀਤ ਨੂੰ ਲੈਅ ਨਾਲ ਚੁੱਕਦੀਆਂ ਤਾਂ ਘਰਾਂ ਦੀਆਂ ਤ੍ਰੀਮਤਾਂ ਵੀ ਬੂਹਿਆਂ ਆ ਖੜ੍ਹਦੀਆਂ। ਕੋਈ ਮਨਚਲੀ ਜੇਕਰ ਫਿਕਰਾ ਕੱਸਦੀ, "ਨੀ ਕੀ ਮੰਗਦੇ ਆ ਸਾਧ ਜਟੂਰੀਆਂ ਕੜਕਦਾਰ ਜਵਾਬ ਦਿੰਦਿਆਂ :-

**ਕਣਕ ਨੀ ਮੰਗਦੇ ਛੋਲੇ ਨੀ ਮੰਗਦੇ**
**ਬੇਬੇ ਦੀ ਭਿਛਿਆ ਪਾ ਦੇ**
**ਸਾਧੂ ਨੀ ਤੇਰੇ ਬਾਰ ਖੜ੍ਹੇ।**

ਤੇ ਜਾਂ ਫਿਰ ਹੋਰ ਕੋਈ ਜਵਾਬ ਦਿੰਦੀ।

**ਆਉਂਦੀ ਕੁੜੀਏ, ਜਾਂਦੀ ਕੁੜੀਏ,**
**ਸਾਧਾਂ ਨੂੰ ਭਿੱਛਿਆ ਪਾ ਦੇ**
**ਕਣਕ ਨਹੀਂ ਮੰਗਦੇ ਛੋਲੇ ਨੀ ਮੰਗਦੇ**
**ਭੈਣਾਂ ਦੀ ਬਾਂਹ ਫੜਾ ਦੇ**
**ਸਾਧੂ ਨੀ ਤੇਰੇ ਬਾਰ ਖੜ੍ਹੇ।**

ਸ਼ਰੀਕੇ ਵਾਲੇ ਘਰ ਅਕਸਰ ਦਾਦਕਾਵਾਂ ਮੇਲ ਵਿਚ ਗਿਣੇ ਜਾਂਦੇ, ਇਨ੍ਹਾਂ ਦੇ ਘਰਾਂ ਵਿਚ ਸਾਧ-ਸਾਧਣਾ ਜਾਂਦੇ। ਉਹ ਔਰਤਾਂ ਵੀ ਅੱਗੋਂ ਬੋਲੀਆਂ ਵਿਚ ਹੀ ਮੋੜ ਜਵਾਬ ਦਿੰਦੀਆਂ :

**ਸਾਧਾ ਵੇ ਤੇਰੀ ਸਾਧਣੀ ਪਕੌੜਿਆਂ ਪਿੱਛੇ ਰੁੱਸੀ**
**ਸਾਧਾ ਵੇ ਤੇਰੀ ਸਾਧਣੀ।**

ਤੇ ਜਾਂ ਫਿਰ ਨਾਨਕੇ ਮੇਲ ਦੀ ਸਾਧ-ਸਾਧਣੀ ਵੱਲੋਂ ਪਾਈ ਕਿਸੇ ਚੁੱਭਵੀਂ ਬੋਲੀ ਦੇ ਬਵਾਜ ਵਿਚ ਕਹਿੰਦੀਆਂ :

**ਕਿੱਥੇ ਜਾਏਗਾ ਬੁਬਨਿਆ ਸਾਧਾ**
**ਵੇ ਛੇੜ ਕੇ ਭਰਿੰਡ ਰੰਗੀਆਂ।**

ਪਰ ਸਾਂਗਧਾਰੀ ਮੇਲਣਾ ਕਿਹੜਾ ਕਿਸੇ ਤੋਂ ਘੱਟ ਹੁੰਦੀਆਂ ਹਨ। ਉਹ ਵੀ ਘੜੇ ਘੜਾਏ ਜਵਾਬ ਦਿੰਦੀਆਂ:

**ਜੇ ਕੁੜੀਏ ਤੈਨੂੰ ਨੱਚਣਾ ਨੀ ਆਉਂਦਾ**
**ਗੁੜ ਦੀ ਵੰਡ ਦੇ ਭੇਲੀ**
**ਨੱਚਣਾ ਸਿਖਾ ਦਿਆਂਗੇ ਬਣ ਜਾ ਸਾਧ ਦੀ ਚੇਲੀ।**

ਪਰ ਜ਼ਿਆਦਾਤਰ ਬੋਲੀਆਂ ਸਾਧ-ਸਾਧਣੀ 'ਤੇ ਹੀ ਪਾਈਆਂ ਜਾਂਦੀਆਂ ਜਿਵੇਂ:

**'ਵੇ ਸਾਧਾ ਪੀ ਲੈ ਕਮੰਡਲੀ ਸ਼ਰਬਤ ਦੀ।'**

ਸਾਧਣੀ ਬਣੀ ਮੇਲਣ ਬੋਲੀ ਪਾਉਂਦੀ-

**ਜਿੱਦੋਂ ਦੀ ਮੈਂ ਹੋ ਗਈ ਸਾਧਣੀ**
**ਪਉਏ ਰੱਖਦੀ ਘੁੰਗਰਿਆਂ ਵਾਲੇ**
**ਬਈ ਜਿੱਦੋਂ ਦੀ ਮੈਂ ਹੋ ਗੀ ਸਾਧਣੀ।**

ਕਾਫੀ ਸੇਰ ਘਰਾਂ ਵਿਚ ਜਾਂਦੀਆਂ ਔਰਤਾਂ ਹਰ ਘਰ ਵਿਚ ਜਾ ਕੇ ਨਵੀਆਂ ਬੋਲੀਆਂ ਪਾਉਂਦੀਆਂ। ਇੰਝ ਲੱਗਦਾ ਜਿਵੇਂ ਉਨ੍ਹਾਂ ਦੇ ਅੰਦਰ ਬੋਲੀਆਂ ਦਾ ਦਰਿਆ ਵਗਦਾ ਹੋਵੇ। ਕਈ ਔਰਤਾਂ ਤਾਂ ਖੜ੍ਹੀਆਂ-ਖੜ੍ਹੀਆਂ ਹੀ ਬੋਲੀ ਜੋੜ ਲੈਂਦੀਆਂ ਜਿਵੇਂ :

**'ਸਾਧਣੀ ਦੇ ਡੇਰੇ, ਦੁਪਹਿਰੇ ਦੁੱਧ ਰਿੜਕੇ।**
**'ਸਾਧਣੀ ਦੇ ਡੇਰੇ, ਘਮ ਮਧਾਈ ਵੱਜੇ।**

ਤਾਂ ਸਾਰੇ ਗਰੁੱਪ ਵਿਚ ਹਾਸੜ ਮੱਚ ਜਾਂਦੀ। ਫਿਰਨੀ ਫਿਰਨੀ ਤੁਰਦੀਆਂ ਜਾਂ ਇਕ ਘਰ ਤੋਂ ਦੂਜੇ ਘਰ ਜਾਂਦੀਆਂ ਉਹ ਰਾਹ ਚਲਦਿਆਂ ਨੂੰ ਵੀ ਮਸ਼ਕਰੀਆਂ ਕਰਦੀਆਂ :

**ਕਹਿੰਦੇ ਪਿੰਡ ਬੜਾ ਸਰਦਾਰ**
**ਨੀ ਦਰਵਾਜ਼ਾ ਹੈ ਨੀ।**
**ਇਹ ਤਾਂ ਬਹਿਣ ਕੌਲਿਆਂ ਨਾਲ**
**ਨੀ ਦਰਵਾਜ਼ਾ ਹੈ ਨੀ।**

ਸਾਰੇ ਪਿੰਡ ਵਿਚ ਹਾਸੇ ਦੀਆਂ ਖਿੱਲਾਂ ਖਲਾਰਦਾ ਇਹ ਸਾਧ-ਸਾਧਣੀ ਦਾ ਗਰੁੱਪ ਟਿੱਚਰਾਂ ਕਰਦਾ ਤੁਰਿਆ ਜਾਂਦਾ। ਨੌਜਵਾਨਾਂ ਦੀ ਕੋਈ ਟੋਲੀ ਦੇਖ ਕੇ ਬੋਲੀ ਪਾ ਦਿੰਦਾ :

**ਸੱਚ ਦੇ ਬਚਨ ਵਿਚ ਦੋਹਣੇ**
**ਬਈ ਇਥੋਂ ਦਿਆਂ ਮੁੰਡਿਆਂ ਤੋਂ**
**ਸਾਡੀ ਕੁੱਤੀ ਦੇ ਕਤੂਰੇ ਸੋਹਣੇ।**

ਵਿਹਲੜ ਅਧਖੜਾਂ ਦੀ ਢਾਣੀ ਨੂੰ ਵੇਖ ਕੇ ਇਹ ਔਰਤਾਂ ਬੋਲੀ ਚੁੱਕਦੀਆਂ :

**ਆਉਂਦੀ ਕੁੜੀਏ ਜਾਂਦੀ ਕੁੜੀਏ**
**ਚੁੱਕ ਲਿਆ ਟੋਕਰਾ ਨੜਿਆਂ ਦਾ**
**ਕਿਥੇ ਲਾਹੇਂਗੀ, ਨੀ ਕਿੱਥੇ ਲਾਹੇਂਗੀ**
**ਇਹ ਪਿੰਡ ਛੜਿਆਂ ਦਾ।**

ਹਰ ਪਿੰਡ ਵਿਚ ਬਾਣੀਏ ਦੀ ਹੱਟੀ ਤਾਂ ਜ਼ਰੂਰ ਹੁੰਦੀ ਸੀ। ਬਾਣੀਏ ਦਾ ਜ਼ਿਕਰ ਖਾਸ ਕਰ ਲੋਕ ਗੀਤਾਂ ਤੇ ਲੋਕ ਬੋਲੀਆਂ ਵਿਚ ਜ਼ਰੂਰ ਆਉਂਦਾ:

**ਬੱਲੇ ਬੱਲੇ ਬਈ ਹੱਟੀ ਵਿਚ ਸ਼ੇਰ ਬਾਣੀਆ**
**ਬਾਹਰ ਨਿਕਲੇ ਗਿੱਦੜ ਬਣ ਜਾਵੇ।**

ਤੇ ਮਗਰੇ ਹੀ ਕੋਈ ਹੋਰ ਜਣਾ ਤੁਕ ਨਾਲ ਤੁਕ ਮਿਲਾ ਦਿੰਦੀ :

**ਸੱਚ ਦੇ ਬਚਨ ਵਿਚ ਆਨਾ**
**ਬਈ ਬਾਣੀਏ ਤੋਂ ਡੱਡ ਮਰਗੀ**
**ਹੁਣ ਕੌਣ ਭਰੂ ਹਰਜਨਾ।**

ਮਸਤ ਹੋਈਆਂ ਮੇਲਣਾ ਹਾਸੇ ਠੱਠੇ ਵਿਚ ਤਾਂ ਕਿਸੇ ਬਜ਼ੁਰਗ ਨੂੰ ਵੀ ਨਾ ਬਖਸ਼ਦੀਆਂ :

**ਡੋਲ ਖੂਹੀ ਤੋਂ ਲਿਆਂਦੇ ਭਰ ਕੇ**
**ਬੁੜ੍ਹੇ ਨੂੰ ਲੈ ਗੀ ਇੱਲ ਚੁੱਕ ਕੇ**
**ਬੁੜ੍ਹੀ ਵੇਖਦੀ ਮੱਥੇ 'ਤੇ ਹੱਥ ਧਰਕੇ।**

ਇਸ ਸਾਂਗ ਘਰ ਦੇ ਖਲਜਗਣਾਂ ਕੰਮਾਂ ਕਾਰਾਂ ਤੇ ਲਾਂਭੇ ਹੋ ਕੇ ਘਰ ਦੇ ਮਰਦਾਂ ਦੀ ਗੈਰ-ਹਾਜ਼ਰੀ ਵਿਚ ਔਰਤਾਂ ਲਈ ਚੰਗੇ ਸ਼ੁਗਲ ਮੇਲੇ ਦਾ ਸਾਧਨ ਵੀ ਸੀ।

# "ਲੋਕ ਚਿੱਠੀਆਂ ਪਾਉਣੀਆਂ ਭੁੱਲ ਗਏ ਜਦੋਂ ਦਾ..."




ਸਾਰੇ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਦੇ ਰਾਹਵਾਂ 'ਤੇ ਟੰਗੇ ਅਤੇ ਚਬੂਤਰਿਆਂ ਉੱਤੇ ਰੱਖੇ ਲਾਲ ਰੰਗ ਦੇ ਬਕਸੇ ਜਿਨ੍ਹਾਂ ਨੂੰ ਅਸੀਂ ਲੈਟਰ ਬਾਕਸ ਵੀ ਆਖਦੇ ਹਾਂ, ਕਦੇ ਲੋਕਾਂ ਨੂੰ ਇਕ ਜਗ੍ਹਾ ਤੋਂ ਦੂਜੀ ਥਾਂ ਬੈਠੇ ਆਪਣੀਆਂ ਨੂੰ ਮਿਲਾਉਣ ਅਤੇ ਰਾਸਤੇ ਦੇ ਸਾਧਨ ਹੁੰਦੇ ਸਨ। ਅੱਜ ਬਦਲੇ ਸਮੇਂ 'ਚ ਵੀਰਾਨ, ਸੁੰਨੇ ਅਤੇ ਗੈਰ ਜ਼ਰੂਰੀ ਵਸਤੂ ਵਾਂਗ ਪਏ ਆਮ ਦੇਖੇ ਜਾ ਸਕਦੇ ਹਨ। ਇਕ ਵਕਤ ਸੀ ਜਦੋਂ ਲੋਕ ਆਪਣਿਆਂ ਦੇ ਸੁੱਖ ਸੁਨੇਹਿਆਂ ਦੀ ਉਡੀਕ 'ਚ ਇਨ੍ਹਾਂ ਨੂੰ ਬੜੀ ਹਸਰਤ ਅਤੇ ਮੋਹ ਭਰੀਆਂ ਨਜ਼ਰਾਂ ਨਾਲ ਦੇਖਦੇ ਸਨ। ਅੱਜ ਇਹ ਸਾਡੀ ਬੇਰੁੱਖੀ ਅਤੇ ਸਮੇਂ ਦੇ ਬਦਲਾਅ 'ਚ ਬੇ-ਵਸ ਅਤੇ ਲਾਚਾਰਗੀ ਦੀ ਦਸ਼ਾ ਵਿਚ ਆਪਣੀਆਂ ਥਾਵਾਂ ਤੇ ਟੰਗੇ ਨਜ਼ਰ ਆਉਂਦੇ ਹਨ।

ਅੱਜ ਟੈਲੀਫ਼ੋਨ, ਮੋਬਾਇਲ, ਐਸ.ਐਮ.ਐਸ., ਇੰਟਰਨੈਟ ਅਤੇ ਹੋਰ ਆਧੁਨਿਕ ਸਾਧਨਾਂ ਨੇ ਦੁਨੀਆਂ ਨੂੰ ਪਰਿਵਾਰ ਵਾਂਗ ਇਕ ਦੂਸਰੇ ਨਾਲ ਜੋੜ ਦਿੱਤਾ ਹੈ। ਹੁਣ ਅਸੀਂ ਆਪਣੀ ਗੱਲ ਘੰਟਿਆਂ ਮਿੰਟਾਂ 'ਚ ਬੱਸ ਸੈਕਿੰਟਾਂ ਵਿਚ ਕਹਿ ਸਕਦੇ ਹਾਂ ਅਤੇ ਸੁਣ ਸਕਦੇ ਹਾਂ। ਅੱਜ ਦੀ ਤੇਜ਼ ਰਫ਼ਤਾਰ ਦੁਨੀਆਂ ਵਿਚ ਇੰਤਜ਼ਾਰ ਲਈ ਵਕਤ ਅਤੇ ਧੀਰਜ ਕਿਸੇ ਕੋਲ ਨਹੀਂ ਰਿਹਾ। ਅਸੀਂ ਆਪਣੀਆਂ ਵਿਚਾਰਾਂ ਅਤੇ ਫ਼ੁਰਨਿਆਂ ਨੂੰ ਤੁਰੰਤ ਤਰੰਗਾਂ 'ਚ ਛੱਡਦੇ ਅਤੇ ਦੂਸਰਿਆਂ ਨਾਲ ਜੁੜਿਆ ਮਹਿਸੂਸ ਕਰਦੇ ਹਾਂ।

ਹੁਣ ਕਬੂਤਰ ਆ-ਆ ਕੋਈ ਨਹੀਂ ਕਹਿੰਦਾ। ਡਾਕੀਏ ਦੀ ਰਾਹ ਕੋਈ ਨਹੀਂ ਤੱਕਦਾ। ਚਿੱਠੀਆਂ ਨੂੰ ਚੁੰਮ-ਚੁੰਮ ਮੱਥੇ ਨਾਲ ਕੋਈ ਨਹੀਂ ਲਾਉਂਦਾ ਅਤੇ ਇਨ੍ਹਾਂ ਲੈਟਰ ਬਾਕਸਾਂ ਦੀ ਵਕਤ ਦੀ ਧੂੜ ਹੇਠ ਗੁਆਚਦੀ ਹੋਂਦ ਅਤੇ ਵੀਰਾਨਗੀ ਨੂੰ ਦੇਖਣ ਅਤੇ ਸੰਭਾਲਣ ਵਾਲਾ ਕੋਈ ਨਹੀਂ ਦਿਸਦਾ। ਅੱਜ ਆਧੁਨਿਕਤਾ ਦੇ ਦੌਰ 'ਚ ਅਸੀਂ ਭਾਵੇਂ ਬਹੁਤ ਵਿਕਸਤ ਅਤੇ ਤੇਜ਼ ਹੋ ਗਏ ਹਾਂ ਪਰ ਇਸ ਦਾ ਅਰਥ ਇਹ ਬਿਲਕੁਲ ਨਹੀਂ ਕਿ ਸਾਡਾ ਬੀਤਿਆ ਕੱਲ ਪੱਛੜਿਆ ਹੋਇਆ ਜਾਂ ਗੈਰ ਜ਼ਰੂਰੀ ਸੀ। ਚਿੱਠੀਆਂ ਦੇ ਸੁਨੇਹਿਆਂ ਵਿਚ ਇਕ ਅਲੱਗ ਮੋਹ ਅਤੇ ਜਜ਼ਬਾਤਾਂ ਦੀ ਤਫ਼ਸੀਲ ਹੁੰਦੀ ਸੀ। ਮਾਵਾਂ ਆਪ ਦੂਰ ਦੁਰੇਡੇ ਬੈਠੇ ਆਪਣੇ ਪੁੱਤਰਾਂ ਨੂੰ ਚਿੱਠੀਆਂ ਰਾਹੀਂ ਲੋਰੀਆਂ ਅਤੇ ਅਸੀਸਾਂ ਭੇਜਦੀਆਂ ਸਨ। ਭੈਣਾਂ ਵੀਰਾਂ ਨੂੰ ਰੱਖੜੀ ਅਤੇ ਦੁਆਵਾਂ ਘੱਲਦੀਆਂ ਸਨ। ਦੇਸ਼ ਦੀਆਂ ਸਰਹੱਦਾਂ ਉੱਪਰ ਵਿਕਟ ਥਾਵਾਂ 'ਤੇ ਬੈਠੇ ਵੀਰ ਸੈਨਿਕਾਂ ਨੂੰ ਚਿੱਠੀਆਂ ਉਨ੍ਹਾਂ ਦੇ ਘਰਾਂ ਦੇ ਸੁੱਖ ਸੁਨੇਹੇ ਪਹੁੰਚਾਉਂਦੀਆਂ ਸਨ। ਪ੍ਰਦੇਸ਼ਾਂ ਵਿਚ ਬੈਠੇ ਪ੍ਰਦੇਸ਼ੀਆਂ ਨੂੰ ਆਪਣਿਆਂ ਨਾਲ ਮਿਲਾਉਣ ਲਈ ਚਿੱਠੀਆਂ ਇਕ ਕੜੀ ਅਤੇ ਗਲਵਕੜੀ ਦੇ ਨਿੱਘ ਵਾਂਗ ਸਨ।

ਹੁਣ ਅਸੀਂ ਇਕ ਦੂਸਰੇ ਦੇ ਕਰੀਬ ਹੋ ਕੇ ਵੀ ਪਤਾ ਨਹੀਂ ਕਿਉਂ ਦੂਰ-ਦੂਰ ਹੁੰਦਾ ਜਾ ਰਹੇ ਹਾਂ। ਸ਼ਾਇਦ ਸਾਡਿਆਂ ਅਹਿਸਾਸਾਂ, ਸਾਡੀਆਂ ਭਾਵਨਾਵਾਂ ਦੇ ਵਹਿਮ ਦਾ ਰੌਅ ਕਿਸੇ ਉਲਟ ਦਿਸ਼ਾ ਵੱਲ ਰਹਿ ਰਿਹਾ ਹੈ। ਅਸੀਂ ਦੂਸਰਿਆਂ ਨੂੰ ਇਕ ਵਸਤੂ ਵਾਂਗ ਵਰਤਣ ਅਤੇ ਰਿਸ਼ਤਿਆਂ ਨੂੰ ਇਕ ਮਜ਼ਬੂਰੀ ਵਾਂਗ ਢਣ ਦੇ ਦੌਰ ਵੱਲ ਵੱਧ ਰਹੇ ਹਾਂ। ਮਾਂ-ਬਾਪ ਦੀਆਂ ਅਸੀਸਾਂ ਦੀ ਆਵਾਜ਼ ਅੱਜ ਮੋਬਾਇਲ ਦੀਆਂ ਰਿੰਗ ਟਿਊਨਾਂ ਦੇ ਸ਼ੋਰ ਵਿਚ ਗੁਆਚ ਗਈ ਹੈ। ਦੂਸਰਿਆਂ ਨੂੰ ਸਮਝਣ, ਉਨ੍ਹਾਂ ਦੇ ਦੁੱਖ ਦਰਦ ਨੂੰ ਸਮਝਣ ਤੇ ਉਨ੍ਹਾਂ ਨੂੰ ਵੰਡਾਉਣ ਤੋਂ ਅੱਜ ਅਸੀਂ ਘਬਰਾ ਰਹੇ ਹਾਂ ਕਿਉਂਕਿ ਅੱਜ ਅਸੀਂ ਸ਼ਾਇਦ ਆਪਣੇ ਆਪ ਤੋਂ ਹੀ ਬਹੁਤ ਦੂਰ ਹੁੰਦੇ ਜਾ ਰਹੇ ਹਾਂ। ਚਿੱਠੀਆਂ ਪੱਤਰਾਂ ਰਾਹੀਂ ਦਿਲ ਦੀਆਂ ਗੱਲਾਂ ਨੂੰ ਲਫ਼ਜ਼ਾਂ 'ਚ ਉਕਰਨਾ, ਪੜ੍ਹਨਾ ਅਤੇ ਫਿਰ ਉਨ੍ਹਾਂ ਦੇ ਜੁਆਬ ਬਣਨਾ ਅੱਜ ਵਕਤ ਦੀ ਕਾਹਲ ਦੇ ਪੈਰਾਂ ਹੇਠ ਮਧੋਲਿਆ ਗਿਆ ਹੈ। ਅੱਜ ਅਸੀਂ ਚਾਹੇ ਮਿੰਟਾਂ ਸਕਿੰਟਾਂ 'ਚ ਦੂਸਰਿਆਂ ਦੇ ਨਾਲ ਗੱਲ ਕਰ ਸਕਦੇ ਹਾਂ ਅਤੇ ਉਨ੍ਹਾਂ ਦੀ ਗੱਲ ਸੁਣ ਸਕਦੇ ਹਾਂ, ਪਰ ਇਸ ਸਭ ਕੁਝ ਦੇ ਬਾਵਜੂਦ ਅਸੀਂ ਬਹੁਤ ਕਝ ਛੁਪਾਉਣ ਅਤੇ ਮਸ਼ੀਨ ਦੀ ਭਾਸ਼ਾ 'ਚ ਗਿਣਿਆ ਮਿੱਥਿਆ ਬੋਲਣਾ ਸਿਖ ਲਿਆ ਹੈ। ਆਪਣਿਆਂ ਦੀ ਅਪਣਤ, ਰਿਸ਼ਤਿਆਂ ਦਾ ਨਿੱਘ, ਦਿਲਾਂ ਦੀ ਸੱਚਾਈ ਅਤੇ ਨਜ਼ਦੀਕੀ ਦਾ ਅਹਿਸਾਸ ਚਿੱਠੀਆਂ ਰਾਹੀਂ ਸਾਡੇ ਤੱਕ ਪੁੱਜਦਾ ਸੀ, ਕਿਤੇ ਨਾ ਕਿਤੇ ਅਸੀਂ ਅੱਜ ਇਨ੍ਹਾਂ ਤੋਂ ਸੱਖਣੇ ਅਤੇ ਵਿਰਵੇ ਹੁੰਦੇ ਜਾ ਰਹੇ ਹਾਂ। ਰਾਹਵਾਂ ਚੁਰਸਤਿਆਂ ਤੇ ਟੰਗੇ ਖਾਲੀ ਲੈਟਰ ਬਾਕਸਾਂ ਵਾਂਗ ਅਸੀਂ ਆਪਣੇ ਆਪ ਨੂੰ ਭਾਵਨਾਵਾਂ ਅਤੇ ਸੱਚੀਆਂ ਸੰਵੇਦਨਾਵਾਂ ਤੋਂ ਸੱਖਣੇ ਮਹਿਸੂਸ ਕਰਦੇ ਹਾਂ।

## ਖਜੂਰਾਂ ਦੇ ਪੱਤਿਆਂ ਨਾਲ ਸਜਾਵਟੀ ਟੋਕਰੀਆਂ ਬਣਾਉਣ ਵਿਚ ਮਾਹਿਰ ਸ਼ਖਸ਼ੀਅਤ ਹਰੀ ਓਮ

ਜਸਪਾਲ ਸਿੰਘ ਲੋਹਾਮ

ਭਾਰਤ ਦੇ ਵੱਖ ਵੱਖ ਸੂਬਿਆਂ ਵਿਚੋਂ ਆਏ ਮਿਹਨਤੀ ਲੋਕ ਵੀ ਕਿਸੇ ਤੋਂ ਘੱਟ ਨਹੀਂ ਅਤੇ ਅਜਿਹੀਆਂ ਨਿਪੁੰਨ ਸ਼ਖਸ਼ੀਅਤਾਂ ਜਿੱਧਰ ਵੀ ਜਾ ਕੇ ਕੰਮ ਕਰਨ ਉਹ ਮੋਹਰੀ ਹੋ ਕੇ ਦੂਸਰਿਆਂ ਤੋਂ ਅੱਗੇ ਨਿਕਲ ਜਾਂਦੀਆਂ ਹਨ ਅਤੇ ਆਪਣੀ ਨਿਵੇਕਲੀ ਪਹਿਚਾਣ ਬਣਾ ਜਾਂਦੇ ਹਨ ਅਤੇ ਅਜਿਹੀ ਸ਼ਖਸ਼ੀਅਤ ਦਾ ਨਾਂਅ ਹੈ ਹਰੀ ਓਮ। ਉਹ ਮੁਰਾਦਾਬਾਦ ਯੂ.ਪੀ. ਹਾਲਆਬਾਦ ਨੇੜੇ ਨੀਲੋਂ ਪੁਲ ਜਿਲ੍ਹਾ ਲੁਧਿਆਣਾ ਵਿਖੇ ਰਹਿ ਰਿਹਾ ਹੈ। ਉਹ ਪੁਲ ਦੇ ਨੇੜੇ ਹੀ ਆਪਣੇ ਪਰਿਵਾਰ ਨਾਲ ਸੜਕ ਦੇ ਕਿਨਾਰੇ ਬੈਠਾ ਹੈ ਅਤੇ ਆਪਣੇ ਦਾਤਰੇ ਨਾਲ ਖਜੂਰ ਦੇ ਪੱਤਿਆਂ ਨੂੰ ਕੱਟ ਕੇ ਸੁੰਦਰ ਟੋਕਰੀਆਂ, ਪੱਖੀਆਂ ਅਤੇ ਝਾੜੂ ਆਦਿ ਬਣਾਉਂਦਾ ਹੈ। ਉਸਦੇ ਘਰ ਦੇ ਪੰਜ ਮੈਂਬਰ ਇਸ ਕੰਮ ਵਿਚ ਹੱਥ ਵਟਾ ਰਹੇ ਹਨ ਅਤੇ ਸਾਰੇ ਹੀ ਸਖ਼ਤ ਮਿਹਨਤ ਕਰ ਰਹੇ ਹਨ। ਜਿਹੜੀਆਂ ਚੀਜਾਂ ਉਹ ਬਣਾਉਂਦਾ ਹੈ ਉਸਨੇ ਉਹ ਪੁਲ ਦੇ ਨੇੜੇ ਕਿਨਾਰੇ 'ਤੇ ਰੱਖੀਆਂ ਹਨ ਅਤੇ ਹਰ ਇਕ ਰਾਹਗੀਰ ਦੀ ਸਿੱਧੀ ਨਿਗ੍ਹਾ ਇਥੇ ਪੈਂਦੀ ਹੈ ਅਤੇ ਇਹ ਸਭ ਦੇਖ ਕੇ ਹਰ ਆਦਮੀ ਖਿੱਚਿਆ ਚੱਲਿਆ ਆਉਂਦਾ ਹੈ ਅਤੇ ਦੇਖਣ ਵਾਲਾ ਸਮਾਨ ਖਰੀਦਣ ਲਈ ਆਪਣਾ ਮਨ ਬਣਾ ਲੈਂਦਾ ਹੈ ਕਿ ਕੁੱਝ ਨਾਂ ਕੁੱਝ ਖਰੀਦ ਹੀ ਲਵਾਂ ਅਤੇ ਇਸ ਨੂੰ ਆਪਣੇ ਘਰ ਵਿਚ ਸਜਾਵਟ ਲਈ ਥਾਂ ਦਿਆਂਗਾ। ਉਸ ਨੂੰ ਮਿਲਣ ਅਤੇ ਗੱਲਬਾਤ ਦੌਰਾਨ ਪਤਾ ਚੱਲਿਆ ਕਿ ਉਹ ਆਪਣੇ ਕੰਮਕਾਰ ਲਈ ਕੱਚਾ ਮਾਲ ਖਜੂਰਾਂ ਦੇ ਪੱਤੇ 2500-3000 ਰੁਪਏ ਦੇ ਹਿਸਾਬ ਨਾਲ ਚਮਕੌਰ ਸਾਹਿਬ ਦੇ ਖੇਤਰ ਤੋਂ ਖਰੀਦ ਕੇ ਲਿਆਉਂਦਾ ਹੈ ਅਤੇ ਇਸ ਕੰਮ ਲਈ ਉਸਨੂੰ ਭਾਰੀ ਕੀਮਤ ਅਦਾ ਕਰਨੀ ਪੈਂਦੀ ਹੈ। ਉਹ ਆਪਣੇ ਬਣਾਏ ਸਮਾਨ ਦੀ ਦਿੱਖ ਨੂੰ ਹੋਰ ਸੁਧਾਰਨ ਲਈ ਕਈ ਤਰਾਂ ਦੇ ਰੰਗ ਲਾਲ, ਹਰਾ ਅਤੇ ਨੀਲਾ ਵਰਤਦਾ ਹੈ ਅਤੇ ਇਸ ਤਰਾਂ ਉਸਦੀ ਬਣਾਈ ਹਰ ਚੀਜ਼ ਖੂਬਸੂਰਤ ਨਜ਼ਰ ਆਉਂਦੀ ਹੈ ਅਤੇ ਦੂਰੋਂ ਹਰ ਕੋਈ ਖਰੀਦਣ ਲਈ ਇੱਕਵਾਰ ਭੱਜਿਆ ਆਉਂਦਾ ਹੈ। ਉਸਦੇ ਘਰ ਦੇ ਸਾਰੇ ਮੈਂਬਰ 6070 ਰੁਪਏ ਦਿਹਾੜੀ ਕਮਾ ਲੈਂਦੇ ਹਨ। ਵਾਕਿਆ ਹੱਥੀਂ ਕੰਮ ਕਰਨ ਵਾਲੇ ਕਿਤੇ ਵੀ ਭੁੱਖੇ ਨਹੀਂ ਮਰਦੇ ਅਤੇ ਸਿਰਫ਼ ਉਨ੍ਹਾਂ ਦੇ ਮਨ ਵਿਚ ਕੰਮ ਕਰਨ ਦਾ ਦ੍ਰਿੜ ਇਰਾਦਾ ਹੋਵੇ ਅਤੇ ਅਜਿਹੀ ਮਿਹਨਤ ਫ਼ਿਰ ਰੰਗ ਲੈ ਹੀ ਆਉਂਦੀ ਹੈ। ਕੁਦਰਤ ਕਰੇ ਅਜਿਹੇ ਮਿਹਨਤੀ ਲੋਕ ਆਪਣੇ ਇਰਾਦਿਆਂ ਵਿਚ ਸਫ਼ਲ ਹੋਣ ਅਤੇ ਆਪਣਾ ਜੀਵਨ ਚੰਗੀ ਤਰ੍ਹਾਂ ਬਸਰ ਕਰਨ।

Scanned with CamScanner




# ਦੇਸੀ ਘਿਓ ਤੋਂ ਪਰਹੇਜ਼ ਕਿਉਂ?



ਦੁਨੀਆ ਦੇ ਚੋਟੀ ਦੇ ਮੈਡੀਕਲ ਜਰਨਲ ਲੈਨਸਟ ਵਿੱਚ ਛਪੀ ਖੋਜ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਭਾਰਤ 'ਚੋਂ ਉਤਪੰਨ ਹੋਇਆ ਡਾਕਟਰੀ ਵਿਗਿਆਨ ਹੀ ਅਸਲ ਧੁਰਾ ਹੈ ਜਿੱਥੋਂ ਅਰਬ ਹਮਲਾਵਰਾਂ ਨੇ ਤਰਜਮਾ ਕਰ ਕੇ ਪੂਰੀ ਦੁਨੀਆ ਵਿੱਚ ਪਹੁੰਚਾਇਆ। ਹੁਣ ਉਸੇ ਵਿਗਿਆਨ ਨੂੰ ਅਸੀਂ ਅੰਗਰੇਜ਼ਾਂ ਦੀ ਉਪਜ ਮੰਨਦਿਆਂ ਆਪਣੇ ਨੁਸਖਿਆਂ ਨੂੰ ਖੁੱਡੇ ਲਾ ਕੇ, ਕੰਪਨੀਆਂ ਦੀਆਂ ਮਸ਼ਹੂਰੀਆਂ 'ਤੇ ਨਿਰਭਰ ਹੋ ਕੇ ਅਤੇ ਆਪਣਾ ਵਧੀਆ ਖਾਣ ਪੀਣ ਤਬਦੀਲ ਕਰ ਕੇ ਪੱਛਮੀ ਸੱਭਿਅਤਾ ਦੀ ਰੰਗਤ ਦੇਣ ਲੱਗ ਪਏ ਹਾਂ। ਪੱਛਮੀ ਲੋਕ ਸਾਡੇ ਹੀ ਸੱਤੂਆਂ ਨੂੰ 'ਓਟਮੀਲ' ਦਾ ਨਾਂ ਦੇ ਕੇ ਸਾਨੂੰ 10 ਗੁਣਾਂ ਕੀਮਤ ਉੱਤੇ ਖਰੀਦਣ ਉੱਤੇ ਮਜਬੂਰ ਕਰ ਰਹੇ ਹਨ। ਉਸ ਦੇ ਲੁਭਾਵਣੇ ਨਾਂ ਰੱਖ ਕੇ, ਖੋਜਾਂ ਰਾਹੀਂ ਇਸ ਨੂੰ ਉੱਤਮ ਸਾਬਤ ਕਰ ਕੇ ਸਾਨੂੰ ਹੀ ਖੁਆਉਣ ਲੱਗ ਪਏ ਹਨ। ਅਸੀਂ ਨਾਨੀ-ਦਾਦੀ ਵੱਲੋਂ ਬਣਾਈ ਮੱਕੀ ਦੀ ਰੋਟੀ, ਬਾਜਰੇ ਦੀ ਖੀਰ ਜਾਂ ਰਾਗੀ ਦੀ ਇਡਲੀ ਨੂੰ ਪਿਛਾਂਹ ਖਿੱਚੂ-ਖਾਣਾ ਸਾਬਤ ਕਰ ਕੇ ਤਿਆਗ ਚੁੱਕੇ ਹਾਂ ਤੇ ਬੱਚਿਆਂ ਨੂੰ ਬਰਗਰ, ਨੂਡਲਜ਼ ਤੇ ਪੀਜ਼ੇ ਖੁਆ ਕੇ ਉਨ੍ਹਾਂ ਦੇ ਸਰੀਰਾਂ ਨੂੰ ਰੋਗਾਂ ਦਾ ਪੰਡਾਰ ਬਣਾ ਛੱਡਿਆ ਹੈ। ਇੱਥੋਂ ਤਕ ਕਿ ਸਵੀਡਨ ਵਿੱਚ ਦਹੀਂ ਤੇ ਸ਼ਹਿਦ ਨਾਲ ਬੱਚੇ ਨੂੰ ਨੁਹਾਉਣ ਵਾਸਤੇ ਹਜ਼ਾਰ ਰੁਪਏ ਦੀ ਸ਼ੀਸ਼ੀ ਵੀ ਬਜ਼ਾਰ ਵਿੱਚ ਵਿਕਣ ਲਈ ਤਿਆਰ ਹੋਈ ਪਈ ਹੈ। ਅਸੀਂ ਆਪਣੇ ਬੱਚਿਆਂ ਨੂੰ ਘਰ ਦਾ ਦਹੀਂ ਛੱਡ ਕੇ ਸਵੀਡਨ ਦੇ ਬਣੇ ਸਾਬਣ ਨਾਲ ਨੁਹਾਉਣ ਨੂੰ ਕਾਹਲੇ ਹਾਂ।

ਪੱਛਮੀ ਲੋਕਾਂ ਵਿੱਚ ਵਧ ਰਹੇ ਦਿਲ ਦੇ ਰੋਗ, ਸ਼ੱਕਰ ਰੋਗ, ਕੈਂਸਰ, ਬਲੱਡ ਪਰੈਸ਼ਰ ਤੇ ਮੋਟਾਪਾ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਇਸੇ ਲਈ ਉਨ੍ਹਾਂ ਮੁਲਕਾਂ ਵਿੱਚ ਭਾਰਤੀ ਖਾਣਿਆਂ 'ਤੇ ਖੋਜ ਆਰੰਭੀ ਗਈ ਕਿਉਂਕਿ ਏਥੇ ਏਨੀ ਵੱਡੀ ਮਾਤਰਾ ਵਿੱਚ ਉਦੋਂ ਸ਼ੱਕਰ ਰੋਗੀ ਨਹੀਂ ਸਨ।

ਮੌਜੂਦਾ ਖੋਜ ਇੱਕੋ ਸਮੇਂ 18 ਮੁਲਕਾਂ ਵਿੱਚ ਆਰੰਭੀ ਗਈ। ਉਸ ਵਿੱਚ ਵੱਖ ਵੱਖ ਤਰ੍ਹਾਂ ਦੇ ਘਿਓ, ਤੇਲ, ਕਾਰਬੋਹਾਈਡਰੇਟਸ ਤੇ ਪ੍ਰੋਟੀਨ ਦੀ ਵਰਤੋਂ ਅਤੇ ਉਨ੍ਹਾਂ ਦੇ ਸਿਹਤ ਉੱਤੇ ਪੈਂਦੇ ਅਸਰ ਵੇਖੇ ਗਏ। ਇਸ ਵਿੱਚ ਦਿਲ ਦੀਆਂ ਬੀਮਾਰੀਆਂ ਤੇ ਉਨ੍ਹਾਂ ਸਦਕਾ ਹੋਈਆਂ ਮੌਤਾਂ ਬਾਰੇ ਵੀ ਨਤੀਜੇ ਕੱਢੇ ਗਏ। ਦਸ ਸਾਲਾਂ ਤਕ (2003 ਤੋਂ 2013) ਚੱਲੀ ਇਸ ਖੋਜ ਵਿੱਚ 35 ਤੋਂ 70 ਸਾਲਾਂ ਦੀਆਂ ਔਰਤਾਂ ਤੇ ਪੁਰਸ਼ ਸ਼ਾਮਲ ਕੀਤੇ ਗਏ। ਇਸ ਖੋਜ ਦੌਰਾਨ 5,796 ਮੌਤਾਂ ਹੋਈਆਂ ਅਤੇ 4,784 ਹਾਰਟ ਅਟੈਕ ਤੇ ਅਧਰੰਗ ਦੇ ਮਰੀਜ਼ ਸਾਹਮਣੇ ਆਏ। ਕੁੱਲ ਇੱਕ ਲੱਖ 35 ਹਜ਼ਾਰ ਤਿੰਨ ਸੌ ਪੈਂਤੀ ਲੋਕਾਂ ਦਾ ਖਾਣ ਪੀਣ ਦਾ ਰਿਕਾਰਡ ਰੱਖਿਆ ਗਿਆ ਅਤੇ ਉਨ੍ਹਾਂ ਦਾ ਪੂਰਾ ਚੈੱਕਅੱਪ ਵੀ ਲਗਾਤਾਰ ਕੀਤਾ ਗਿਆ ਸੀ।

**ਖੋਜ ਦੇ ਨਤੀਜੇ :** ਇਸ ਖੋਜ ਦੇ ਨਤੀਜਿਆਂ ਨੇ ਹੁਣ ਤਕ ਦੇ ਖਾਣ ਪੀਣ ਉੱਤੇ ਲਾਈਆਂ ਰੋਕਾਂ ਉੱਤੇ ਵੱਡਾ ਕਿੰਤੂ ਪਰੰਤੂ ਖੜ੍ਹਾ ਕਰ ਦਿੱਤਾ ਹੈ। ਪਹਿਲਾਂ ਦੀਆਂ ਖੋਜਾਂ ਅਨੁਸਾਰ ਥਿੰਦਾ, ਖਾਸ ਕਰ ਦੇਸੀ ਘਿਓ ਨੂੰ ਦਿਲ ਲਈ ਹਾਨੀਕਾਰਕ ਦੱਸ ਕੇ ਰੀਫਾਇੰਡ ਤੇਲਾਂ ਵਲ ਵੱਧ ਝੁਕਾਓ ਬਣਾ ਦਿੱਤਾ ਗਿਆ ਸੀ। ਇਸ ਵਾਸਤੇ ਮੀਡੀਆ ਰਾਹੀਂ ਇੰਨੀ ਇਸ਼ਤਿਹਾਰਬਾਜ਼ੀ ਕੀਤੀ ਗਈ ਕਿ ਮਸ਼ਹੂਰੀ ਦੇ ਆਧਾਰ ਉੱਤੇ ਹੀ ਮਲੇਸ਼ੀਆ ਨੇ 'ਪਾਮ ਤੇਲ' ਭਾਰਤੀਆਂ ਨੂੰ ਵੇਚ ਕੇ ਆਪਣੀ ਅਰਥ-ਵਿਵਸਥਾ ਮਜ਼ਬੂਤ ਕਰ ਲਈ। ਹਰ ਅਖ਼ਬਾਰ, ਕਿਤਾਬ, ਜਰਨਲ ਵਿੱਚ ਖਾਣੇ ਵਿੱਚ ਘਿਓ ਤੇ ਤੇਲ ਦੀ ਮਾਤਰਾ ਸਿਰਫ਼ 30 ਫ਼ੀਸਦੀ, ਜਿਸ ਵਿੱਚ ਦੇਸੀ ਘਿਓ 10 ਫ਼ੀਸਦੀ ਤੋਂ ਵੀ ਘੱਟ ਵਰਤੋਂ ਕਰਨ ਬਾਰੇ ਜ਼ੋਰ ਦਿੱਤਾ ਗਿਆ। ਇਸ ਇਸ਼ਤਿਹਾਰਬਾਜ਼ੀ ਨੇ ਦੇਸੀ ਘਿਓ ਨੂੰ ਪਿਛਾਂਹ ਧੱਕ ਕੇ ਵੱਖ ਵੱਖ ਰੀਫਾਇੰਡ ਤੇਲਾਂ ਦੇ ਕਾਰੋਬਾਰ ਨੂੰ ਖਰਬਾਂ ਦਾ ਮੁਨਾਫ਼ਾ ਦੁਆਇਆ।

ਮੈਡੀਕਲ ਜਰਨਲਾਂ ਵਿੱਚ ਛਪੀਆਂ ਖੋਜਾਂ ਨੇ ਡਾਕਟਰਾਂ ਨੂੰ ਵੀ ਆਪੋ ਆਪਣੇ ਮਰੀਜ਼ਾਂ ਨੂੰ ਘੱਟ ਘਿਓ ਦੀ ਵਰਤੋਂ ਕਰਨ ਦੀ ਸਲਾਹ ਦੇਣ ਲਈ ਮਜਬੂਰ ਕਰ ਦਿੱਤਾ। ਬਾਅਦ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਇਸ ਵਾਸਤੇ ਕੰਪਨੀਆਂ ਵੱਲੋਂ ਦਿੱਤੇ ਪੈਸਿਆਂ ਨਾਲ ਖੋਜਾਂ ਕਰਵਾਈਆਂ ਗਈਆਂ, ਜਿਨ੍ਹਾਂ ਨੇ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਦਾ ਐਸਾ ਹਊਆ ਬਣਾ ਕੇ ਪੇਸ਼ ਕੀਤਾ ਕਿ ਆਮ ਬੰਦਾ ਦਿਨ ਰਾਤ ਲੈਬਾਰਟਰੀਆਂ ਵਿੱਚੋਂ ਟੈਸਟ ਕਰਵਾ ਕੇ ਡਾਕਟਰਾਂ ਤੋਂ ਚੰਗੇ ਮਾੜੇ ਕੋਲੈਸਟਰੋਲ ਦੇ ਵਾਧੇ ਘਾਟੇ ਬਾਰੇ ਪੁੱਛਦਾ ਹੀ ਗੁੰਮ ਹੋ ਕੇ ਰਹਿ ਗਿਆ। ਇਸ ਸਾਰੇ ਰੌਲੇ ਗੌਲੇ ਵਿੱਚ ਸਭ ਤੋਂ ਵੱਧ ਮਾਰ ਦੇਸੀ ਘਿਓ ਨੂੰ ਪਈ। ਪਿੰਡਾਂ ਵਿੱਚ ਘਰ ਦਾ ਘਿਓ, ਮੱਖਣ ਛੱਡ ਕੇ ਮੁੱਲ ਖਰੀਦਿਆ ਰੀਫਾਇੰਡ ਤੇਲ, ਕਨੋਲਾ ਤੇਲ ਤੇ ਓਲਿਵ ਤੇਲ ਵਰਤਣ ਦਾ ਭੂਤ ਸਵਾਰ ਹੋ ਗਿਆ।

ਕੈਨੇਡੀਅਨ ਇੰਸਟੀਚਿਊਟ ਆਫ ਹੈਲਥ ਰੀਸਰਚ ਵੱਲੋਂ ਕੀਤੇ ਖ਼ਰਚੇ ਰਾਹੀਂ ਪੂਰੀ ਕੀਤੀ ਖੋਜ, ਜਿਸ ਵਿੱਚ ਓਨਟਾਰੀਓ ਮਿਨਿਸਟਰੀ ਆਫ਼ ਹੈਲਥ ਨੇ ਵੀ ਗਰਾਂਟਾਂ ਦਿੱਤੀਆਂ, ਵਿੱਚ ਅਰਜਨਟੀਨਾ, ਬੰਗਲਾ ਦੇਸ਼, ਬਰਾਜ਼ੀਲ, ਕੈਨੇਡਾ, ਦਿੱਲੀ, ਚੀਨ, ਕੋਲੰਬੀਆ, ਭਾਰਤ, ਮਲੇਸ਼ੀਆ, ਪੈਲਸਟੀਨ, ਪੋਲੈਂਡ, ਸਾਊਥ ਅਫਰੀਕਾ, ਨੀਦਰਲੈਂਡ, ਸਵੀਡਨ, ਤੁਰਕੀ ਤੇ ਦੁਬਈ ਸਮੇਤ ਕਈ ਮੁਲਕਾਂ ਤੇ ਸਿਹਤ ਸੰਸਥਾਵਾਂ ਨੇ ਰਲ ਕੇ ਪੁਰਾਣੀ ਖੋਜ ਨੂੰ ਖੰਡਿਤ ਕਰ ਦਿੱਤਾ ਹੈ।

ਨਵੀਂ ਖੋਜ ਮੁਤਾਬਕ ਸਭ ਤੋਂ ਵੱਧ ਮੌਤਾਂ ਉਨ੍ਹਾਂ ਬੰਦਿਆਂ ਦੀਆਂ ਹੋਈਆਂ ਜੋ ਪੂਰੇ ਦਿਨ ਦੇ ਖਾਣੇ ਵਿੱਚ 60 ਫ਼ੀਸਦੀ ਤੋਂ ਵੱਧ ਕਾਰਬੋਹਾਈਡਰੇਟਸ (ਖੰਡ, ਮੈਦਾ, ਕਣਕ ਦਾ ਆਟਾ) ਵਰਤ ਰਹੇ ਸਨ। ਜਿਨ੍ਹਾਂ ਲੋਕਾਂ ਦੇ ਖਾਣੇ ਵਿੱਚ ਰੀਫਾਇੰਡ ਕਾਰਬੋਹਾਈਡਰੇਟਸ (ਖੰਡ, ਸ਼ੱਕਰ, ਗੁੜ, ਮੈਦਾ) ਦੀ ਥਾਂ ਸੈਚੂਰੇਟਿਡ ਥਿੰਦੇ (ਦੇਸੀ ਘਿਓ) ਦੀ ਮਾਤਰਾ ਵੱਧ ਸੀ, ਉਨ੍ਹਾਂ ਲੋਕਾਂ ਵਿੱਚ ਅਧਰੰਗ ਹੋਣ ਦਾ ਖ਼ਤਰਾ ਕਈ ਗੁਣਾਂ ਘਟਿਆ ਲੱਭਿਆ।

ਦੇਸੀ ਘਿਓ ਖਾਣ ਵਾਲਿਆਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਵਧਿਆ ਹੋਇਆ ਲੱਭਿਆ ਤੇ ਟਰਾਈਗਲਿਸਰਾਈਡ ਘਟੇ ਹੋਏ ਲੱਭੇ। ਯਾਨੀ, ਮਾੜਾ ਤੇ ਚੰਗਾ ਕੋਲੈਸਟਰੋਲ, ਦੋਵੇਂ ਵਧ ਗਏ, ਪਰ ਫਿਰ ਵੀ ਇੰਨੇ ਖ਼ਤਰਨਾਕ ਨਹੀਂ ਸਨ। ਜਿਹੜੇ ਜ਼ਿਆਦਾ ਕਾਰਬੋਹਾਈਡਰੇਟਸ ਵਰਤ ਰਹੇ ਸਨ, ਉਨ੍ਹਾਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ, ਦੋਵੇਂ ਘਟ ਗਏ ਸਨ। ਮਤਲਬ ਇਹ ਕਿ ਮੈਦਾ ਤੇ ਖੰਡ ਖਾਣ ਨਾਲ ਜਿੱਥੇ ਮਾੜਾ ਕੋਲੈਸਟਰੋਲ ਵਧ ਗਿਆ, ਉੱਥੇ ਚੰਗਾ ਕੋਲੈਸਟਰੋਲ ਵੀ ਘਟ ਗਿਆ। ਦੇਸੀ ਘਿਓ ਦੀ ਵਰਤੋਂ ਕਰਨ ਵਾਲਿਆਂ ਦੇ ਸਰੀਰਾਂ ਅੰਦਰ ਐਪੋ-ਬੀ/ ਐਪੋ-ਏ 1 ਦੀ ਮਾਤਰਾ ਘਟੀ ਹੋਈ ਲੱਭੀ ਜਿਸ ਨਾਲ ਹਾਰਟ ਅਟੈਕ ਤੇ ਐਨਜਾਈਨਾ ਦਾ ਖ਼ਤਰਾ ਕਈ ਗੁਣਾਂ ਘੱਟ ਹੋ ਗਿਆ।

ਐੱਲ.ਡੀ.ਐੱਲ. ਕੋਲੈਸਟਰੋਲ ਉੱਤੇ ਸਿਰਫ਼ ਖ਼ੁਰਾਕ ਦਾ ਹੀ ਅਸਰ ਨਹੀਂ ਪੈਂਦਾ। ਇਸੇ ਲਈ ਇਕੱਲੀ ਖ਼ੁਰਾਕ ਉੱਤੇ ਹੀ ਹਾਰਟ ਅਟੈਕ ਨਾਲ ਹੋ ਰਹੀਆਂ ਮੌਤਾਂ ਦੀ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ। ਤਣਾਓ ਵੀ ਇਕ ਵੱਡਾ ਕਾਰਨ ਉਭਰ ਕੇ ਸਾਹਮਣੇ ਆ ਰਿਹਾ ਹੈ। ਟਰਾਂਸ ਫੈਟ (ਬਜ਼ਾਰੀ ਤਲੇ ਆਲੂ, ਚਿਪਸ, ਬਰਗਰ, ਪਿਜ਼ਾ, ਆਦਿ) ਦਿਲ, ਜਿਗਰ ਅਤੇ ਅੰਤੜੀਆਂ ਲਈ ਹਾਨੀਕਾਰਕ ਸਿੱਧ ਹੋ ਚੁੱਕੇ ਹਨ ਤੇ ਮੋਟਾਪੇ ਨਾਲ ਹੋ ਰਹੀਆਂ ਬੀਮਾਰੀਆਂ ਲਈ ਵੀ। ਜਿਨ੍ਹਾਂ ਨੇ ਦੇਸੀ ਘਿਓ ਛੱਡ ਕੇ ਰੀਫਾਇੰਡ ਘਿਓ ਖਾਣਾ ਸ਼ੁਰੂ ਕੀਤਾ ਸੀ, ਉਨ੍ਹਾਂ ਵਿੱਚ ਵੀ ਮਰਨ ਦਰ ਘਟੀ ਨਹੀਂ। ਵੱਧ ਕਾਰਬੋਹਾਈਡਰੇਟ ਤੇ ਘੱਟ ਥਿੰਦੇ ਵਾਲੀ ਖ਼ੁਰਾਕ ਖਾਣ ਵਾਲਿਆਂ ਵਿੱਚ ਮੌਤ ਦਰ ਵੱਧ ਦਿਸੀ ਪਰ ਹਾਰਟ ਅਟੈਕ ਨਾਲੋਂ ਜ਼ਿਆਦਾ ਸਟਰੋਕ ਜਾਂ ਹੋਰ ਕਾਰਨਾਂ ਕਰ ਕੇ। ਖਾਣੇ ਵਿੱਚ ਥਿੰਦਾ ਨਾ ਬਰਾਬਰ ਕਰਨ ਬਾਅਦ ਵੀ ਮੌਤ ਦਰ ਵਿੱਚ ਕੋਈ ਫ਼ਰਕ ਨਹੀਂ ਦਿਸਿਆ। ਜੇ ਖ਼ੁਰਾਕ ਵਿੱਚ ਘਿਓ ਦੀ ਮਾਤਰਾ 30 ਫ਼ੀਸਦੀ ਦੀ ਥਾਂ ਉੱਤੇ 35 ਫ਼ੀਸਦੀ ਹੋਵੇ, ਤਾਂ ਮੌਤ ਦਰ ਘਟ ਜਾਂਦੀ ਹੈ ਤੇ ਅਧਰੰਗ ਦਾ ਖ਼ਤਰਾ ਵੀ ਘਟ ਜਾਂਦਾ ਹੈ। ਇੰਜ ਦਿਲ ਦੇ ਰੋਗਾਂ ਤੋਂ ਇਲਾਵਾ ਹੋਰ ਕਾਰਨਾਂ ਕਰ ਕੇ ਵੀ ਮੌਤ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਚਿੱਟੇ ਚੌਲ, ਖੰਡ, ਸ਼ੱਕਰ, ਗੁੜ, ਮੈਦਾ ਖਾਣ ਨਾਲ ਮੌਤ ਦਰ ਵਧੀ ਦਿਸੀ ਤੇ ਹਾਰਟ ਅਟੈਕ ਵੀ ਵੱਧ ਹੋਏ ਲੱਭੇ। ਘਿਓ ਨਾਲੋਂ ਮੈਦਾ ਤੇ ਖੰਡ ਕੋਲੈਸਟਰੋਲ ਅਤੇ ਬਲੱਡ ਪਰੈਸ਼ਰ ਉੱਤੇ ਵੱਧ ਮਾੜਾ ਅਸਰ ਪਾਉਂਦੇ ਹਨ। ਜੇ ਦੇਸੀ ਘਿਓ ਖਾਇਆ ਜਾਵੇ ਤਾਂ ਮੌਤ ਦਰ ਤੇ ਅਧਰੰਗ ਦਾ ਖ਼ਤਰਾ ਤਾਂ ਘਟਦਾ ਹੀ ਹੈ, ਦਿਲ ਦੀਆਂ ਬੀਮਾਰੀਆਂ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਘਟ ਜਾਂਦਾ ਹੈ।

ਖੰਡ, ਗੁੜ, ਸ਼ੱਕਰ, ਮੈਦਾ, ਚਿੱਟੇ ਚੌਲ ਤੇ ਕਣਕ ਦਾ ਬਿਨਾਂ ਛਾਣਬੂਰੇ ਵਾਲਾ ਆਟਾ ਖਾਣ ਨਾਲ ਮੌਤ ਦਰ ਵਧ ਜਾਂਦੀ ਹੈ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਵਧ ਜਾਂਦਾ ਹੈ। ਕਾਰਬੋਹਾਈਡਰੇਟ ਨਾਲੋਂ ਵੱਧ ਦੇਸੀ ਘਿਓ ਖਾਣ ਨਾਲ ਅਧਰੰਗ ਦਾ ਖ਼ਤਰਾ ਘਟ ਜਾਂਦਾ ਹੈ। ਘਿਓ ਖਾਣ ਨਾਲ ਮੌਤ ਦਰ ਵਧਣ ਦਾ ਕੋਈ ਸੰਬੰਧ ਨਹੀਂ। ਦਿਲ ਦੀਆਂ ਬਿਮਾਰੀਆਂ ਉੱਤੇ ਵੀ ਘਿਓ ਖਾਣ ਨਾਲ ਕੋਈ ਮਾੜਾ ਅਸਰ ਨਹੀਂ ਲੱਭਿਆ। ਲੋੜੋਂ ਵੱਧ ਘਿਓ ਜਾਂ ਤੇਲ ਖਾਣ ਨਾਲ ਮੋਟਾਪਾ ਵਧ ਜਾਂਦਾ ਹੈ ਜੋ ਮੋਟਾਪੇ ਤੋਂ ਹੋਣ ਵਾਲੀਆਂ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਬਾਅਦ ਵਿੱਚ ਸ਼ੱਕਰ ਰੋਗ, ਬਲੱਡ ਪ੍ਰੈਸ਼ਰ ਤੇ ਕੈਂਸਰ ਹੋ ਸਕਦਾ ਹੈ। ਲੋੜੋਂ ਵੱਧ ਹਰ ਚੀਜ਼ ਨੁਕਸਾਨ ਕਰਦੀ ਹੈ। ਇਸੇ ਲਈ ਦੇਸੀ ਘਿਓ ਦੀ ਵਰਤੋਂ ਵੀ ਹਿਸਾਬ ਨਾਲ ਕਰਨੀ ਚਾਹੀਦੀ ਹੈ। ਸਿਰਫ਼ ਓਨਾ ਜਿੰਨਾ ਕਸਰਤ ਨਾਲ ਹਜ਼ਮ ਕੀਤਾ ਜਾ ਸਕੇ। ਵਾਧੂ ਲੂਣ, ਖੰਡ, ਸ਼ੱਕਰ, ਗੁੜ ਤੇ ਮੈਦਾ ਤਾਂ ਹਰ ਹਾਲ ਬੰਦ ਕਰਨਾ ਹੀ ਪੈਣਾ ਹੈ। ਕਣਕ ਦੇ ਆਟੇ ਦੀ ਥਾਂ ਰਾਗੀ, ਬਾਜਰੇ ਤੇ ਮੱਕੀ ਦਾ ਆਟਾ ਵਰਤਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਰੀਫਾਇੰਡ ਘਿਓ ਨੂੰ ਦੇਸੀ ਘਿਓ ਉੱਤੇ ਪਹਿਲ ਨਹੀਂ ਦੇਣੀ ਚਾਹੀਦੀ।

ਡਾ. ਹਰਸ਼ਿੰਦਰ ਕੌਰ, ਸੰਪਰਕ: 0175-2216783

## ਸੋਇਆਬੀਨ ਮਿਸਲ

**ਸਮੱਗਰੀ** - 1/2 ਕੱਪ ਸੋਇਆਬੀਨ ਦੇ ਦਾਣੇ, 2 ਵੱਡੇ ਚਮਚੇ ਅੰਕੁਰਿਤ ਦਾਲ, 1 ਚਮਚਾ ਬਰੀਕ ਅਦਰਕ, 2 ਬਰੀਕ ਕੱਟੀ ਹੋਈ ਹਰੀ ਮਿਰਚ, 3 ਕਲੀਆਂ ਲਸਣ ਦੀਆਂ ਪਿਸੀਆਂ ਹੋਈਆਂ, 1/4 ਛੋਟਾ ਚਮਚ ਹਲਦੀ ਪਾਊਡਰ, 1/2 ਛੋਟਾ ਚਮਚਾ ਗਰਮ ਮਸਾਲਾ, 1 ਛੋਟਾ ਚਮਚਾ ਰਾਈ, ਨਮਕ ਸਵਾਦ ਅਨੁਸਾਰ, 1 ਟਮਾਟਰ, 2 ਵੱਡੇ ਚਮਚੇ ਪਿਆਜ਼ ਬਰੀਕ ਕੱਟੇ ਹੋਏ, 1 ਛੋਟਾ ਚਮਚ ਨਿੰਬੂ ਦਾ ਰਸ, 1 ਛੋਟਾ ਚਮਚਾ ਰਿਫਾਇੰਡ ਤੇਲ।

**ਵਿਧੀ** - ਸੋਇਆਬੀਨ ਨੂੰ ਰਾਤ ਨੂੰ ਪਾਣੀ 'ਚ ਭਿਓਂ ਦਿਓ ਤੇ ਸਵੇਰੇ ਕੂਕਰ 'ਚ ਇਕ ਸੀਟਾ ਆਉਣ ਤਕ ਪਕਾਓ। ਸੋਇਆਬੀਨ ਦਾ ਪਾਣੀ ਕੱਢ ਕੇ ਉਸ ਦੇ ਛਿਲਕੇ ਉਤਾਰ ਦਿਓ। ਇਕ ਕੜਾਹੀ 'ਚ ਤੇਲ ਗਰਮ ਕਰੋ ਅਤੇ ਇਸ ਵਿਚ ਰਾਈ ਪਾ ਕੇ ਤੜਕ ਦਿਓ। ਇਸ ਵਿਚ ਅਦਰਕ, ਹਰੀ ਮਿਰਚ, ਪਿਸਿਆ ਹੋਇਆ ਲਸਣ ਪਾ ਦਿਓ ਅਤੇ 1 ਮਿੰਟ ਤੱਕ ਭੁੰਨੋ, ਹਲਦੀ ਪਾਊਡਰ ਅਤੇ ਅੰਕੁਰਿਤਕੀਤੀ ਹੋਈ ਦਾਲ ਅਤੇ 2 ਵੱਡੇ ਚਮਚੇ ਪਾਣੀ ਪਾ ਕੇ ਦਾਲ ਨੂੰ ਆਂਚ 'ਤੇ ਗਲਾਓ। ਜਦੋਂ ਇਸ ਦਾ ਪਾਣੀ ਸੁੱਕਣਾ ਸ਼ੁਰੂ ਹੋ ਜਾਵੇ ਤਾਂ ਇਸ ਵਿਚ ਸੋਇਆਬੀਨ ਪਾ ਦਿਓ। ਇਸ ਤੋਂ ਬਾਅਦ ਅੱਗ ਬੰਦ ਕਰ ਦਿਓ। ਇਸ ਵਿਚ ਟਮਾਟਰ, ਪਿਆਜ਼ ਅਤੇ ਨਿੰਬੂ ਦਾ ਰਸ ਪਾ ਦਿਓ। ਇਸ ਨੂੰ ਸਰਵਿਸ ਪਲੇਟ 'ਚ ਪਾ ਦਿਓ ਅਤੇ ਇਸ ਉਤੇ ਹਰਾ ਧਨੀਆ ਅਤੇ ਚਟਨੀ ਪਾ ਕੇ ਇਸ ਨੂੰ ਸਰਵ ਕਰੋ।

## ਮੋਟਾਪਾ ਘਟਾਓ




ਜੇਕਰ ਤੁਸੀਂ ਮੋਟਾਪੇ ਨੂੰ ਘਟਾਉਣਾ ਚਾਹੁੰਦੇ ਹੋ ਤਾਂ ਡਾਇਟਿੰਗ ਤਾਂ ਡਾਇਟਿੰਗ ਜਾਂ ਸਖਤ ਕਸਰਤ ਕਰਨ ਦੀ ਲੋੜ ਨਹੀਂ ਹੈ, ਸਗੋਂ ਮਾਸ ਖਾਣਾ ਛੱਡ ਦਿਓ ਅਤੇ ਸ਼ਾਕਾਹਾਰ ਖਾਣਾ ਹੀ ਖਾਓ। ਮਿੱਠਾ ਅਤੇ ਚਰਬੀ ਵੀ ਮੋਟਾਪਾ ਵਧਾਉਂਦੇ ਹਨ। ਇਸੇ ਕਾਰਨ ਸਾਕਾਹਾਰੀ ਪਤਲੇ ਹੁੰਦੇ ਹਨ। ਫਲ, ਸਬਜ਼ੀਆਂ, ਦਾਲਾਂ, ਅਨਾਜ, ਜੂਸ ਸਰੀਰ ਨੂੰ ਪੋਸ਼ਣ ਦੇ ਕੇ ਮੋਟਾ ਨਹੀਂ ਹੋਣ ਦਿੰਦੇ। ਜੇਕਰ ਮਾਸ ਖਾਣ ਵਾਲੇ ਮਾਸ ਛੱਡ ਕੇ ਸ਼ਾਕਾਹਾਰ ਅਪਣਾ ਲੈਣ ਤਾਂ ਮੋਟਾਪੇ ਨੂੰ ਘੱਟ ਕਰ ਸਕਦੇ ਹਨ। ਸ਼ਾਕਾਹਾਰੀਆਂ ਨੂੰ ਮਾਸਾਹਾਰੀਆਂ ਦੇ ਮੁਕਾਬਲੇ ਬਿਮਾਰੀਆਂ ਵੀ ਘੱਟ ਹੁੰਦੀਆਂ ਹਨ।



## ਗਾਜਰਾਂ ਰੱਖਣ ਰੌਸ਼ਨ ਅੱਖਾਂ



40 ਸਾਲ ਦੀ ਉਮਰ ਪਿੱਛੋਂ ਬਹੁਤ ਸਾਰੇ ਲੋਕਾਂ ਦੀਆਂ ਅੱਖਾਂ ਦੀ ਰੌਸ਼ਨੀ ਧੁੰਦਲੀ ਪੈਣ ਲਗਦੀ ਹੈ। ਅੱਖਾਂ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲੇ ਕੁਝ ਰਸਾਇਣ 40 ਸਾਲ ਤੋਂ ਬਾਅਦ ਹੌਲੀ-ਹੌਲੀ ਘਟਣ ਲਗਦੇ ਹਨ। ਇਹ ਹੱਲ ਕਿਸੇ ਦਵਾਈ ਨਾਲ ਸੰਭਵ ਨਹੀਂ ਹੈ।

ਗਾਜਰ ਇਹ ਕੰਮ ਅਸਾਨੀ ਨਾਲ ਕਰ ਸਕਦੀ ਹੈ, ਕਿਉਂਕਿ ਗਾਜਰ ਵਿਚ ਬੀਟਾ ਕੈਰੋਟਿਨ ਨਾਂਅ ਦਾ ਅੰਜਾਇਮ ਹੁੰਦਾ ਹੈ। ਇਸ ਤੋਂ ਇਲਾਵਾ ਐਂਟੀ ਔਕਸੀਡੇਂਟ, ਵਿਟਾਮਿਨ 'ਸੀ', 'ਈ' ਅਤੇ ਜ਼ਿੰਕ ਗਾਜਰ ਖਾਣ ਨਾਲ ਤੁਸੀਂ ਲੰਮੇ ਸਮੇਂ ਤੱਕ ਅੱਖਾਂ ਦੀਆਂ ਬੀਮਾਰੀਆਂ ਤੋਂ ਬਚੇ ਰਹੋਗੇ। ਇਸ ਤੋਂ ਇਲਾਵਾ ਗਾਜਰ ਸੰਪੂਰਨ ਸਰੀਰ ਲਈ ਵੀ ਲਾਭਕਾਰੀ ਹੈ।

ਮਹਿਕ ਵਤਨ ਦੀ Web TV
'Mehak Watan Di Live' ਲਾਈਵ

ਆਪਣੇ ਧਾਰਮਿਕ, ਸਾਹਿਤਕ, ਰਾਜਨੀਤਿਕ ਅਤੇ ਸੱਭਿਆਚਾਰਕ ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਲਾਈਵ, ਡੀ-ਲਾਈਵ ਚਲਾਉਣ ਲਈ ਸੰਪਰਕ ਕਰੋ :
9988-92-9988

'ਮਹਿਕ ਵਤਨ ਦੀ ਲਾਈਵ' ਦੇ ਪੱਤਰਕਾਰ ਬਨਣ ਲਈ ਵੀ ਉਪਰੋਕਤ ਨੰਬਰ ਤੇ ਸੰਪਰਕ ਕਰੋ।

Scanned with CamScanner



ਗੁਰਦੁਆਰਾ ਅਕਾਲ ਬੁੰਗਾ ਸਾਹਿਬ ਟਕਸਾਲ ਵੱਲੋਂ ਦੇਸ਼ ਵਿਦੇਸ਼ਾ ਵਿੱਚ ਵਸਦੀ ਸਮੂੰਹ ਸਾਧ ਸੰਗਤ ਜੀ ਨੂੰ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਦੇ 400 ਸਾਲਾ ਪ੍ਰਕਾਸ਼ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!



ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ

ਅਸੀਂ ਕਿਸਾਨੀ ਸੰਘਰਸ਼ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਾਂ!

## ਮੁੱਖ ਸੇਵਾਦਾਰ ਬਾਬਾ ਫੌਜਾ ਸਿੰਘ ਜੀ



ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ) ਵਿਖੇ ਹਰ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ। ਗੁਰਦੁਆਰਾ ਅਕਾਲ ਬੁੰਗਾ ਸਾਹਿਬ ਕੋਟ ਦੁੱਨਾਂ (ਸੰਗਰੂਰ) ਵਿਖੇ ਹਰ ਪੁੰਨਿਆਂ ਦਾ ਦਿਹਾੜਾ ਮਨਾਇਆ ਜਾਂਦਾ ਹੈ।

## ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)

**ਮੋ. 84381-13000**

---

ਦੇਸ਼ ਵਿਦੇਸ਼ਾ ਵਿੱਚ ਵਸਦੀ ਸਮੂੰਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!



ਅਸੀਂ ਕਿਸਾਨੀ ਸੰਘਰਸ਼ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਾਂ!

ਉੱਘੇ ਸਮਾਜ ਸੇਵਕ ਅਤੇ ਧਾਰਮਿਕ ਸਖ਼ਸ਼ੀਅਤ

## ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ

ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ | ਮੈਂਬਰ ਖ਼ਾਲਸਾ ਐਕਸ਼ਨ ਕਮੇਟੀ

ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਪਿੰਡ ਖੁਖਰਾਣਾ, ਤਹਿ. ਤੇ ਜ਼ਿਲ੍ਹਾ ਮੋਗਾ / ਮੋ. 98153-11318, 77107-11318

ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਹੋਵਣ ਜੀ!

ਜਾਰੀ ਕਰਤਾ : ਦੁੱਖ ਭੰਜਨ ਸੇਵਾ ਸੁਸਾਇਟੀ (ਰਜਿ:) ਖੁਖਰਾਣਾ

---



ਮੁੱਖ ਸੇਵਾਦਾਰ : ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ

ਦੇਸ਼ ਵਿਦੇਸ਼ਾ ਵਿੱਚ ਵਸਦੀ ਸਮੂੰਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!

ਅਸੀਂ ਕਿਸਾਨੀ ਸੰਘਰਸ਼ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਾਂ!

## ਗੁਰਦੁਆਰਾ ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾਂ ਨਵਾਂ (ਜ਼ਿਲ੍ਹਾ ਮੋਗਾ)

ਇਹ ਅਸਥਾਨ ਬਾਘਾ ਪੁਰਾਣਾ ਤੋਂ ਮੋਗਾ ਰੋਡ ਤੇ ਪਿੰਡ ਗਿੱਲ ਨਹਿਰ ਵਾਲੇ ਤੋਂ ਚੜ੍ਹਦੇ ਪਾਸੇ ਇਕ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਬਾਘਾ ਪੁਰਾਣਾ ਤੋਂ ਟੈਂਪੂ ਅਤੇ ਬੱਸਾਂ ਆਮ ਮਿਲਦੀਆਂ ਹਨ।

ਇਸ ਪਵਿੱਤਰ ਅਸਥਾਨ ਤੇ ਪੂਰਨਮਾਸ਼ੀ ਅਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



ਮੁਖ ਸੇਵਾਦਾਰ **ਸ੍ਰੀ ਮਾਨ ਸੰਤ ਬਾਬਾ ਬਲਦੇਵ ਸਿੰਘ ਜੀ**

ਸੇਵਾਦਾਰ : ਭਾਈ ਹਰਪ੍ਰੀਤ ਸਿੰਘ, ਮੋ. 99149-01113

---

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ ਸਾਂਝਾਂ ਕਰੋ!

# ਮਹਿਕ ਵਤਨ ਦੀ ਲਾਈਵ ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ ਹੁਣ ਸਿਰਫ ~~(3,000/-)~~ 2500/- ਪ੍ਰਤੀ ਘੰਟਾ

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ (ਜਿਸ ਦੇ ਇੱਕ ਲੱਖ ਤੋਂ ਵੱਧ ਪਾਠਕ ਹਨ) ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਝੀਆਂ ਕਰੋ।

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ

Web TV | YouTube

YouTube/ Mehak Watan Di Live

Help Line: 9988 92 9988

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

Chief Editor: Bhawandeep Singh Purba

**Help Line: 9988 92 9988**

Scanned with CamScanner




Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner